# ਅਮਰ ਖ਼ਾਲਸਾ

ਕਰਮ ਸਿੰਘ ਹਿਸਟੋਰੀਅਨ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

# ਭੂਮਿਕਾ

ਸਿੱਖੀ ਦੀ ਸਪਿਰਿਟ ਨੂੰ ਬਹੁਤ ਥੋੜ੍ਹੇ ਆਦਮੀ ਸਮਝ ਸਕਦੇ ਹਨ ਅਤੇ ਜੇਕਰ ਇਹ ਕਹਿਆ ਜਾਵੇ ਕਿ ਸਿੱਖੀ ਦੀ ਸਪਿਰਿਟ ਨੂੰ ਕੇਵਲ ਸਿੱਖ ਹੀ ਸਮਝ ਸਕਦੇ ਹਨ ਤਾਂ ਇਸ ਵਿਚ ਰਤਾ ਵੀ ਝੂਠ ਨਹੀਂ। ਸਿੱਖਾਂ ਵਾਲਾ ਰੂਪ ਧਾਰ ਲੈਣਾ ਸਿੱਖੀ ਨਹੀਂ, ਸਿੱਖ ਉਹ ਹੈ, ਜਿਸ ਵਿੱਚ ਸਿੱਖੀ ਦੀ ਸਪਿਰਿਟ ਹੋਵੇ। ਕੇਵਲ ਐਸਾ ਹੀ ਸਿੱਖ ਸਿੱਖੀ ਦੀ ਸਪਿਰਿਟ ਨੂੰ ਸਮਝ ਜਾਂ ਅਨੁਭਵ ਕਰ ਸਕਦਾ ਹੈ।

ਇਤਿਹਾਸ ਕੌਮਾਂ ਲਈ ਇਕ ਚਾਨਣਾ ਹੈ, ਜਿਸ ਨਾਲ ਕਿਸੇ ਕੌਮ ਦਾ ਅੱਗਾ-ਪਿੱਛਾ ਵੇਖਿਆ ਜਾ ਸਕਦਾ ਹੈ। ਜਿਸ ਕੌਮ ਦਾ ਇਤਿਹਾਸ ਨਹੀਂ, ਉਹ ਕੌਮ ਮੁਰਦਾ ਹੈ। ਜਿਸ ਦਾ ਇਤਿਹਾਸ ਅਤੇ ਪਿੱਛਾ ਸ਼ਾਨਦਾਰ ਹੈ, ਉਹ ਕੌਮ ਸਦਾ ਜੀਉਂਦੀ ਤੇ ਨਾਮ ਵਾਲੀ ਹੋਇਆ ਕਰਦੀ ਹੈ।

ਸਿੱਖ ਕੌਮ ਦਾ ਇਤਿਹਾਸ ਸਾਡੇ ਸਾਹਮਣੇ ਹੈ। ਇਸ ਦੇ ਚਾਨਣੇ ਵਿਚ ਅਸਾਂ ਵੇਖਣਾ ਹੈ ਕਿ ਖ਼ਾਲਸਈ ਕਰਤੱਵ ਕੀ ਚੀਜ਼ ਹੈ, ਮੁਸੀਬਤ ਦਾ ਸਿੱਖਾਂ ਉੱਤੇ ਕੀ ਅਸਰ ਹੁੰਦਾ ਹੈ, ਗੁਰਦੁਆਰਿਆਂ ਸੰਬੰਧੀ ਸਿੱਖਾਂ ਅੰਦਰ ਕੀ ਸਪਿਰਿਟ ਹੈ, ਜਦ ਸਿੱਖ ਕਿਸੇ ਕੰਮ ਲਈ ਲੱਕ ਬੰਨ੍ਹ ਲੈਂਦੇ ਹਨ ਤਾਂ ਉਸ ਨੂੰ ਪੂਰਾ ਕਰਨ ਲਈ ਉਹ ਕੀ ਕੁਝ ਕਰ ਗੁਜ਼ਰਦੇ ਹਨ।

ਇਤਿਹਾਸ ਮੁੜ-ਮੁੜ ਆਪ ਨੂੰ ਦੁਹਰਾਇਆ ਕਰਦਾ ਹੈ। ਜੋ ਕੰਮ ਕੋਈ ਕੌਮ ਪਿੱਛੇ ਕਰ ਚੁਕੀ ਹੈ ਉਹੋ ਹੀ ਉਹ ਅੱਗੇ ਨੂੰ ਕਰੇਗੀ। ਅਸਾਂ ਵੇਖਣਾ ਹੈ ਕਿ ਸਿੱਖਾਂ ਨੇ ਉੱਤੇ ਦੱਸੀਆਂ ਗੱਲਾਂ ਦਾ, ਪਿੱਛੇ ਕੀ ਉੱਤਰ ਦਿੱਤਾ ਸੀ, ਜੋ ਕੁਝ ਉਨ੍ਹਾਂ ਨੇ ਉੱਤਰ ਦਿੱਤਾ ਸੀ। ਉਹੋ ਉੱਤਰ ਹੁਣ ਦੇਣਗੇ ਤੇ ਉਹੋ ਅੱਗੋਂ ਨੂੰ ਦੇਣਗੇ। ਗਧੇ ਨੇ ਕਦੇ ਗਊ ਨਹੀਂ ਬਣਨਾ ਤੇ ਗਊ ਨੇ ਕਦੇ ਗਧਾ ਨਹੀਂ ਬਣਨਾ।

*ਕਰਮ ਸਿੰਘ ਹਿਸਟੋਰੀਅਨ*

ੴ ਸਤਿਗੁਰ ਪ੍ਰਸਾਦਿ ॥

# ਮੁਸੀਬਤ ਸਮੇਂ ਖ਼ਾਲਸਾਈ ਕਰਤਵ

ਖ਼ਾਲਸੇ ਦਾ ਜਨਮ ਮੁਸੀਬਤ ਦੇ ਸਮੇਂ ਹੋਇਆ ਸੀ, ਇਸ ਲਈ ਖ਼ਾਲਸਾ ਕਦੇ ਮੁਸੀਬਤ ਤੋਂ ਨਹੀਂ ਘਬਰਾਇਆ, ਸਮੇਂ ਦਾ ਕੰਮ ਹੈ, ਆਉਂਦਾ ਹੈ ਅਤੇ ਤੁਰਿਆ ਜਾਂਦਾ ਹੈ, ਸਮਾਂ ਕਦੇ ਖੜੋਤਾ ਨਹੀਂ ਰਹਿੰਦਾ। ਇਸੇ ਤਰ੍ਹਾਂ ਮੁਸੀਬਤ ਕਦੇ ਖੜੋਤੀ ਨਹੀਂ ਰਹਿ ਸਕਦੀ, ਆਉਂਦੀ ਹੈ ਅਤੇ ਤੁਰਦੀ ਜਾਂਦੀ ਹੈ।

ਇਕ ਸਿਆਣੇ ਦਾ ਕਥਨ ਹੈ ਕਿ ਜੇਕਰ ਮੁਸੀਬਤ ਨਾਲ ਮਖੌਲ ਕਰੀਏ ਤਾਂ ਮੁਸੀਬਤ ਦਾ ਅਸਰ ਘਟ ਜਾਂਦਾ ਹੈ। ਖ਼ਾਲਸੇ ਨੇ ਮੁਸੀਬਤ ਨੂੰ ਆਪਣੇ ਸਾਹਮਣੇ ਵੇਖਿਆ ਅਤੇ ਉਸ ਨਾਲ ਰੱਜ ਕੇ ਮਖੌਲ ਕੀਤਾ, ਜਿਸ ਕਰਕੇ ਖ਼ਾਲਸੇ ਉੱਤੇ ਮੁਸੀਬਤ ਦਾ ਰਤਾ ਅਸਰ ਨਾ ਹੋਇਆ। ਮੁਸੀਬਤ ਨੇ ਖ਼ਾਲਸੇ ਦਾ ਲੰਗਰ ਬੰਦ ਕਰ ਦਿੱਤਾ, ਖ਼ਾਲਸੇ ਨੇ ਲੰਗਰ ਮਸਤ ਕਰ ਦਿੱਤਾ। ਮੁਸੀਬਤ ਨੇ ਖ਼ਾਲਸੇ ਪਾਸੋਂ ਬਦਾਮ ਖੋਹ ਕੇ ਮੁੱਠ-ਮੁੱਠ ਛੋਲੇ ਹਵਾਲੇ ਕੀਤੇ, ਖ਼ਾਲਸੇ ਨੇ ਉਸੇ ਨੂੰ ਬਦਾਮ ਬਣਾ ਲਿਆ। ਸਮੇਂ ਨੇ ਖ਼ਾਲਸੇ ਨੂੰ ਸਭ ਤਰ੍ਹਾਂ ਦੇ ਦੁੱਖ ਦਿੱਤੇ, ਪਰ ਖ਼ਾਲਸਾ ਸਦਾ ਚੜ੍ਹਦੀਆਂ ਕਲਾਂ ਵਿਚ ਰਿਹਾ, ਹਰ ਮੁਸੀਬਤ ਸਮੇਂ ਉਸ ਨੇ ਜੈਕਾਰਾ ਗਜਾਇਆ। ਮੁਸੀਬਤ ਨੂੰ ਸਾਹਮਣੇ ਵੇਖ ਕੇ ਜੈਕਾਰਾ ਗਜਾਉਣਾ ਮੁਸੀਬਤ ਨੂੰ ਵੰਗਾਰਨਾ ਹੈ ਕਿ ਤੂੰ ਆਪਣਾ ਜ਼ੋਰ ਲਾ ਲੈ, ਅਸਾਂ ਚੜ੍ਹਦੀਆਂ ਕਲਾਂ ਵਿਚ ਹੀ ਰਹਿਣਾ ਹੈ। ਮੁਸੀਬਤ ਦਾ ਦਾਰੂ ਜੈਕਾਰਾ ਹੈ, ਇਹ ਭੇਤ ਖ਼ਾਲਸੇ ਨੇ ਜੰਗਲਾਂ ਵਿਚ ਰਹਿ ਕੇ ਲੱਭਾ ਸੀ। ਹਰ ਕੋਈ ਪਰਤੱਾ ਕੇ ਵੇਖ ਸਕਦਾ ਹੈ ਕਿ ਮੁਸੀਬਤ ਦੇ ਸਮੇਂ ਜੇਕਰ ਦਿਲ ਖੋਲ੍ਹ ਕੇ ਜੈਕਾਰਾ ਗਜਾਇਆ ਜਾਵੇ ਤਾਂ ਮੁਸੀਬਤ ਦਾ ਅਸਰ ਕਿਤਨਾ ਕੁ ਘਟ ਜਾਂਦਾ ਹੈ।

ਸ੍ਰੀ ਦਸਮੇਸ਼ ਜੀ ਜੋਤੀ ਜੋਤ ਸਮਾ ਗਏ ਅਤੇ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵੱਲ ਆਇਆ, ਖ਼ਾਲਸੇ ਨੇ ਹੁਲਾਰਾ ਮਾਰਿਆ ਅਤੇ ਕਰਨਾਲ ਤੋਂ ਲੈ ਕੇ ਲਾਹੌਰ ਤੀਕ ਦਾ ਸਭ ਇਲਾਕਾ ਸਾਂਭ ਲਿਆ। ਹਿੰਦੁਸਤਾਨ ਦੀ ਸਭ ਸੈਨਾ ਦੱਖਣ ਵੱਲ ਜਮ੍ਹਾ ਹੋਈ ਹੋਈ ਸੀ। ਬਾਦਸ਼ਾਹ ਸਾਰੀ ਸੈਨਾ ਲਈ ਦਿੱਲੀ ਨੂੰ ਆ

ਰਿਹਾ ਸੀ ਕਿ ਪੰਜਾਬ ਦੇ ਮੁਸਲਮਾਨ ਅਜਮੇਰ ਜਾ ਹਾਜ਼ਰ ਹੋਏ ਅਤੇ ਬਾਦਸ਼ਾਹ ਪਾਸ ਹੋਈਆਂ ਅਣ-ਹੋਈਆਂ ਸੌ-ਸੌ ਗੱਲਾਂ ਕਹੀਆਂ। ਸੋ ਬਾਦਸ਼ਾਹ ਸਾਰੀ ਸੈਨਾ ਲੈ ਕੇ ਪੰਜਾਬ ਵੱਲ ਆਇਆ ਅਤੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਲੋਹਗੜ੍ਹ ਦੇ ਕਿਲ੍ਹੇ ਵਿਚ ਘੇਰ ਲਿਆ।

ਛੇ ਮਹੀਨੇ ਲੜਾਈ ਹੋਈ ਅਤੇ ਅੰਤ ਨੂੰ ਬਾਬਾ ਬੰਦਾ ਸਿੰਘ ਬਹਾਦਰ ਪਹਾੜਾਂ ਵੱਲ ਨੱਸ ਗਿਆ ਬਾਦਸ਼ਾਹ ਲਾਹੌਰ ਵੱਲ ਆਇਆ ਅਤੇ ਇਹ ਸੁਣ ਕੇ ਸਿੱਖਾਂ ਦੀ ਨਿਸ਼ਾਨੀ ਕੇਸ ਅਤੇ ਦਾਹੜਾ ਹੈ, ਹੁਕਮ ਦਿੱਤਾ ਕਿ ਜਿਸ ਦਾ ਦਾਹੜਾ ਕੇਸ ਵੇਖੋ, ਮਾਰ ਦੇਵੋ। ਇਸ ਸਮੇਂ ਸ਼ਾਹੀ ਫ਼ੌਜ ਵਿਚ ਭੀ ਕਈ ਹਜ਼ਾਰ ਹਿੰਦੂ ਸਨ, ਜਿਨ੍ਹਾਂ ਨੇ ਖ਼ੂਬਸੂਰਤ ਲੱਗਣ ਦੀ ਖ਼ਾਤਰ ਹੀ ਦਾਹੜੀ ਅਤੇ ਕੇਸ ਰੱਖੇ ਹੋਏ ਸਨ, ਸਭ ਨੇ ਮੁਨਵਾ ਦਿਤੇ।

ਛੋਟੇ ਹਾਕਮਾਂ ਦੀ ਹੁਣ ਚੜ੍ਹ ਮੱਚੀ। ਸਿੱਖਾਂ ਨਾਲ ਅਸਿੱਖ ਭੀ ਮਾਰੇ ਗਏ। ਸ਼ਾਹੀ ਸੜਕ ਉੱਤੇ ਜੋ ਜੋ ਚੁਰੱਸਤਾ ਸੀ, ਰੁੱਖਾਂ ਨਾਲ ਸਿੱਖ ਕੇਸਾਂ ਨਾਲ ਬੱਧੇ ਹੋਏ ਲਟਕ ਰਹੇ ਸਨ। ਲੱਖਾਂ ਸਿਪਾਹੀ ਬਿਆਸਾ ਤੇ ਰਾਵੀ ਦੇ ਵਿਚਕਾਰ ਪਏ ਸਨ, ਸੋ ਇਨ੍ਹਾਂ ਆਪਣੇ ਜਾਚੇ ਸਿੱਖੀ ਦਾ ਖੁਰਾ-ਖੋਜ ਮਿਟਾ ਦਿੱਤਾ।

ਸ੍ਰੀ ਦਸਮੇਸ਼ ਜੀ ਤੋਂ ਮਗਰੋਂ ਸਿੱਖਾਂ ਉੱਤੇ ਇਹ ਪਹਿਲੀ ਮੁਸੀਬਤ ਸੀ। ਜਦ ਬਾਬਾ ਬੰਦਾ ਸਿੰਘ ਬਹਾਦਰ ਦੀ ਚੜ੍ਹਦੀ ਕਲਾ ਸੀ, ਤਾਂ ਅਣ-ਪੁੱਛੇ ਹੀ ਹਜ਼ਾਰਾਂ ਜ਼ਿਮੀਂਦਾਰ ਸਿੱਖ ਬਣ ਗਏ ਸਨ, ਪਰ ਜਦ ਪਰਖ ਦਾ ਸਮਾਂ ਆਇਆ ਅਤੇ ਕੁਠਾਲੀ ਵਿਚ ਕੌਮ ਨੂੰ ਚਰਖ ਦਿੱਤਾ ਗਿਆ, ਤਾਂ ਕੱਚੇ-ਪਿੱਲੇ ਧੂੰਆਂ ਬਣ ਉੱਡ ਗਏ ਤੇ ਖ਼ਾਲਸਾ ਖ਼ਾਲਸ ਕੁੰਦਨ ਰਹਿ ਗਿਆ। ਕੀ ਜਾਣੀਏ ਇਹ ਮੁਸੀਬਤ ਸੀ ਕਿ ਖ਼ਾਲਸੇ ਵਿੱਚੋਂ ਖੋਟ ਕੱਢਣ ਦੀ ਇਕ ਕਰਤਾਰੀ ਕਾਰ?

ਲਾਹੌਰ ਦੇ ਸੂਬੇ ਜ਼ਬਰਦਸਤ ਖਾਂ ਨੇ ਖ਼ਾਲਸੇ ਨੂੰ ਖ਼ਤਮ ਕਰਨ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾ ਕੇ ਵੇਖ ਲਿਆ, ਪਰ ਖ਼ਾਲਸੇ ਦਾ ਉਹ ਕੁਝ ਨਾ ਵਿਗਾੜ ਸਕਿਆ। ਕੁੰਦਨ ਨੂੰ ਸੌ ਚਰਖ ਦੇਵੋ ਕੁੰਦਨ ਨ ਘਟਦਾ ਹੈ, ਨ ਸੜਦਾ, ਸਗੋਂ ਹਰ ਚਰਖ ਮਗਰੋਂ ਰੰਗ-ਰੂਪ ਵਿਚ ਅੱਗੇ ਨਾਲੋਂ ਚੜ੍ਹਦਾ ਨਿਕਲਦਾ ਹੈ। ਸੂਬੇ ਨੇ ਦੋ ਸਾਲ ਕੁਠਾਲੀ ਤਪਾਈ ਰੱਖੀ, ਸੰਮਤ ੧੭੬੯ ਤੋਂ ਸੰਮਤ ੧੭੭੦ ਤੀਕ ਆਪਣੀ ਵੱਲੋਂ ਆਪਣੇ ਸੂਬੇ ਨੂੰ ਸਿੱਖਾਂ ਤੋਂ ਸਾਫ ਕਰ ਦਿੱਤਾ ਅਤੇ ਪਰਜਾ ਉੱਤੇ ਅਜਿਹਾ ਰੋਹਬ ਜਮਾਇਆ, ਕਿ ਹੁਣ ਕਿਸੇ ਵਿਚ ਚੂੰ ਕਰਨ ਦੀ ਆਸ

ਤਕ ਨਾ ਰਹੀ।

ਪਰ ਇਸ ਸਮੇਂ ਜਗਤ ਸਿੰਘ ਸੂਰਮਾ ਦੜਕਿਆ ਅਤੇ ਰਿਆੜਕੀ ਵਿਚ ਭਬਕਾਰਾ ਮਾਰ ਕੇ ਕਿੜੀ ਪਠਾਣ ਤੇ ਗਿਰਦ-ਨਵਾਹੀ ਦੇ ਪੰਜਾਹ-ਸੱਠ ਪਿੰਡ ਉਗਰਾਹ ਲਏ। ਦਿੱਲੀ ਤੀਕ ਰੌਲਾ ਪੈ ਗਿਆ ਕਿ ਸਿੱਖ ਅਜੇ ਤੀਕ ਜੀਉਂਦੇ ਹਨ ਅਤੇ ਚੰਗੀ ਤਰ੍ਹਾਂ ਦਰੜੇ ਨਹੀਂ ਗਏ। ਜ਼ਬਰਦਸਤ ਖਾਂ ਹਟਾ ਦਿੱਤਾ ਗਿਆ ਅਤੇ ਉਸ ਦੀ ਥਾਂ ਦਲੇਰ ਜੰਗ ਸੂਬਾ ਹੋ ਕੇ ਆਇਆ, ਮੁਹੰਮਦ ਅਮੀਨ ਖਾਂ ਭੀ ਬਹੁਤ ਸਾਰੀ ਸੈਨਾ ਲੈ ਕੇ ਦਿੱਲੀ ਤੋਂ ਆਇਆ ਅਤੇ ਅੰਮ੍ਰਿਤਸਰ ਦੇ ਗਿਰਦੇ ਫੇਰ ਸਿੰਘਾਂ ਦੀ ਕਤਲਾਮ ਅਰੰਭ ਹੋ ਗਈ।

ਦੋ ਸਾਲ ਰਾਮ-ਰੌਲਾ ਰਿਹਾ। ਬਾਦਸ਼ਾਹੀ ਫੌਜਾਂ ਸਿੰਘਾਂ ਨੂੰ ਮਾਰਦੀਆਂ ਫਿਰਦੀਆਂ ਅਤੇ ਸਿੰਘ ਸਮਾਂ ਵੇਖ ਕੇ ਸਾਰੀ ਰਿਆੜਕੀ ਉਗਰਾਹ ਲੈਂਦੇ ਅਤੇ ਦਿੱਲੀ ਤੋਂ ਸੈਨਾ ਆਈ, ਪੰਜਾਬ ਦੀ ਸਾਰੀ ਫੌਜ ਇਕੱਠੀ ਹੋਈ, ਕਈ ਮਹੀਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਘੇਰੀ ਰੱਖਿਆ ਅਤੇ ਅੰਤ ਨੂੰ, ਅਰੰਭ ਮੱਘਰ ਸੰਮਤ ੧੭੭੨ ਨੂੰ ਫੜ ਲਿਆ ਗਿਆ।

ਇਸ ਤੋਂ ਮਗਰੋਂ ਸਿੰਘਾਂ ਨਾਲ ਕੀ ਬੀਤੀ, ਇਸ ਦਾ ਹਾਲ ਮੈਂ ਆਪਣੀ ਲਿਖੀ ਕਿਤਾਬ 'ਬੰਦਾ ਸਿੰਘ ਬਹਾਦਰ' ਵਿੱਚੋਂ ਦੇਂਦਾ ਹਾਂ, ਜਿਸ ਤੋਂ ਪਤਾ ਲੱਗ ਜਾਵੇਗਾ ਕਿ ਐਸੀ ਫੜੋ-ਫੜੀ ਦੇ ਸਮੇਂ ਕਿਸ ਤਰ੍ਹਾਂ ਦੋਸ਼ੀਆਂ ਨਾਲ ਬੇਦੋਸ਼ੇ ਭੀ ਫੜੇ ਜਾਂਦੇ ਹਨ ਅਤੇ ਸਰਕਾਰਾਂ ਆਪਣਾ ਰੋਹਬ ਜਮਾਉਣ ਲਈ ਕੈਸੇ-ਕੈਸੇ ਤਸੀਹੇ ਦੇ ਦਿਆ ਕਰਦੀਆਂ ਹਨ ਅਤੇ ਐਸੇ ਸਮੇਂ ਸਿੰਘਾਂ ਦਾ ਕੀ ਕਰਤਵ ਹੁੰਦਾ ਹੈ, ਉਹ ਮੁਸੀਬਤ ਵੇਖ ਕੇ ਆਪਣੇ ਕੀਤੇ ਉੱਤੇ ਪਛਤਾਵਾ ਕਰਦੇ ਹਨ ਕਿ ਖਿੜੇ-ਮੱਥੇ ਹਰ ਤਰ੍ਹਾਂ ਦੀ ਮੁਸੀਬਤ ਨੂੰ 'ਜੀ ਆਇਆਂ' ਆਖਦੇ ਹਨ?

ਲਾਹੌਰੋਂ ਤੁਰਦਿਆਂ ਜ਼ਕਰੀਆ ਖਾਂ ਨੂੰ ਸੁਝ ਫੁਰੀ, ਕਿ ਦੋ ਸੌ ਕੈਦੀ ਤਾਂ ਬਹੁਤ ਹੀ ਥੋੜ੍ਹਾ ਹੈ, ਘੱਟ ਤੋਂ ਘੱਟ ਹਜ਼ਾਰ ਤਾਂ ਹੋਵੇ; ਬਸ, ਸੋਚ ਦੀ ਹੀ ਢਿੱਲ ਸੀ, ਰੋਜ਼ ਬੇਗੁਨਾਹ ਸਿੰਘ ਫੜੇ ਆਉਣ ਲੱਗ ਪਏ ਅਤੇ ਦਿਨਾਂ ਵਿਚ ਹੀ ਇਨ੍ਹਾਂ ਦੀ ਗਿਣਤੀ ਹਜ਼ਾਰ ਦੇ ਲਗਭਗ ਅੱਪੜ ਗਈ। ਇਸ ਵੇਲੇ ਸਿੰਘਾਂ ਉੱਤੇ ਬੜੀ ਔਕੜ ਬਣੀ ਹੋਈ ਸੀ। ਵੈਰੀਆਂ ਨੂੰ ਬਦਲੇ ਲੈਣ ਦਾ ਸਮਾਂ ਲੱਝਾ, ਮੁਖਬਰੀਆਂ ਕਰ-ਕਰ ਕੇ ਖੁਰਾ-ਖੋਜ ਮੁਕਾਉਣਾ ਚਾਹਿਆ ਅਤੇ ਦਿਨਾਂ ਵਿਚ ਹਜ਼ਾਰਾਂ ਸ਼ਹੀਦ ਕੀਤੇ ਗਏ। ਇਹ ਪਹਿਲਾਂ ਸਮਾਂ ਹੈ ਕਿ ਸਿੰਘਾਂ ਨੂੰ ਆਪਣੇ ਘਰ-ਬਾਰ

ਛੱਡ ਕੇ ਜੂਹਾਂ ਵਿਚ ਪਨਾਹ ਲੈਣੀ ਪਈ।

ਜਦ ਇਹ ਡੇਰਾ ਸਰਹਿੰਦ ਪੁੱਜਾ ਤਾਂ ਲੋਕਾਂ ਨੂੰ ਵਿਖਾਉਣ ਲਈ ਸਾਰੇ ਕੈਦੀ ਸ਼ਹਿਰ ਦੇ ਬਜ਼ਾਰਾਂ ਵਿਚ ਫੇਰੇ ਗਏ। ਹਰ ਇਕ ਸਿੰਘ ਦੇ ਪੈਰੀਂ ਬੇੜੀ, ਗਲ ਤੌਕ, ਹੱਥ ਹੱਥਕੜੀ ਤੇ ਲੱਕ ਜ਼ੰਜੀਰ ਸੀ, ਲੱਕ ਦੇ ਸੰਗਲ ਨਾਲ ਦੋ-ਦੋ ਤਿੰਨ-ਤਿੰਨ ਸਿੰਘ ਜੂੜ ਕੇ ਗੱਡਿਆਂ ਉੱਤੇ ਸੁੱਟੇ ਹੋਏ ਸਨ ਅਤੇ ਇਸੇ ਹਾਲਤ ਵਿਚ ਬਾਜ਼ਾਰਾਂ ਵਿਚ ਵਿਖਾਏ ਜਾਂਦੇ ਸਨ। ਜਿਨ੍ਹਾਂ ਆਦਮੀਆਂ ਦੇ ਘਰ ਲੁੱਟੇ ਗਏ ਸਨ ਉਨ੍ਹਾਂ ਨੇ ਆਪਣਾ ਗੱਚ ਕੱਢਿਆ ਅਤੇ ਬੱਧੇ ਹੋਏ ਕੈਦੀਆਂ ਨੂੰ ਗਾਲ੍ਹਾਂ ਦੇ ਕੇ ਅਤੇ ਇੱਟਾਂ-ਵੱਟੇ ਮਾਰ ਕੇ ਆਪਣਾ ਦਿਲ ਠੰਡਾ ਕੀਤਾ।

ਸਰਹਿੰਦੋਂ ਤੁਰ ਜਦ ੨੪ ਮਾਘ ਸੰਮਤ ੧੭੭੨ ਬਿਕ੍ਰਮੀ ਨੂੰ ਦਿੱਲੀ ਪਾਸ ਪੁੱਜੇ ਤਾਂ ਬਾਦਸ਼ਾਹ ਨੇ ਮੁਹੰਮਦ ਅਮੀਨ ਖਾਂ ਨੂੰ ਅੱਗੋਂ ਭੇਜਿਆ ਕਿ ਸਭ ਕੈਦੀਆਂ ਨੂੰ ਇਸ ਢੰਗ ਨਾਲ ਲਿਆਵੇ: ਤਿੰਨ ਹਜ਼ਾਰ ਸਿੰਘਾਂ ਦੇ ਸਿਰ ਜੋ ਬਰਛੀਆਂ ਉੱਤੇ ਟੰਗੇ ਹੋਏ ਸਨ, ਸਭ ਨਾਲੋਂ ਅੱਗੇ ਕਰ ਕੇ ਅਤੇ ਕੈਦੀਆਂ ਦਾ ਮੂੰਹ ਕਾਲਾ ਕਰ ਕੇ ਤੇ ਸਿਰਾਂ ਉੱਤੇ ਕਾਠ ਦੀ ਟੋਪੀ ਰੱਖ ਕੇ, ਬੰਦੇ ਨੂੰ ਕਾਠ ਦੇ ਪਿੰਜਰੇ ਵਿਚ ਪਾ ਕੇ ਅਤੇ ਬਾਕੀਆਂ ਨੂੰ ਗੱਡਿਆਂ ਉੱਤੇ ਬਿਠਾ ਕੇ ਸ਼ਹਿਰ ਵਿਚ ਲਿਆਵੇ। ਲਾਹੌਰੀ ਦਰਵਾਜ਼ਿਓਂ ਕੋਤਵਾਲੀ ਤੀਕ ਆਦਮ ਹੀ ਆਦਮ ਖੜ੍ਹਾ ਸੀ ਅਤੇ ਅਜੀਬ ਕੈਦੀਆਂ ਨੂੰ ਦੇਖ ਕੇ ਹਰ ਕੋਈ ਖੁਸ਼ ਹੋ ਰਿਹਾ ਸੀ। ਜਦ ਬਾਦਸ਼ਾਹ ਦੇ ਹਜ਼ੂਰ ਗਏ ਤਾਂ ਉਸ ਨੇ ਹੁਕਮ ਦਿੱਤਾ ਕਿ ਬਾਬਾ ਬੰਦਾ ਸਿੰਘ ਬਹਾਦਰ, ਉਸ ਦਾ ਪੁੱਤਰ ਅਤੇ ਦੋ-ਤਿੰਨ ਉਸ ਦੇ ਮੋਅਤਬਰਾਂ ਨੂੰ ਤਾਂ ਕਿਲ੍ਹੇ ਵਿਚ ਕੈਦ ਕੀਤਾ ਜਾਵੇ ਅਤੇ ਬਾਕੀ ਸਿੰਘ ਕੋਤਵਾਲੀ ਅੰਦਰ ਬੰਦ ਕੀਤੇ ਜਾਣ।

ਨਾਲ ਹੀ ਇਹ ਭੀ ਹੁਕਮ ਦਿੱਤਾ ਕਿ ਕੈਦੀਆਂ ਵਿੱਚੋਂ ਸੌ-ਸੌ, ਦੋ-ਦੋ ਸੌ ਰੋਜ਼ ਕੋਤਵਾਲੀ ਦੇ ਸਾਹਮਣੇ ਕਿਲ੍ਹੇ ਦੇ ਦਰਵਾਜ਼ੇ ਅੱਗੇ ਅਤੇ ਵੱਡੇ-ਵੱਡੇ ਬਾਜ਼ਾਰਾਂ ਦੇ ਚੁਰੱਸਤਿਆਂ ਵਿਚ ਕਤਲ ਕੀਤੇ ਜਾਇਆ ਕਰਨ ਅਤੇ ਜਿਹੜਾ ਕੈਦੀ ਮੁਸਲਮਾਨ ਹੋਣਾ ਮਨਜ਼ੂਰ ਕਰ ਲਵੇ ਓਹ ਛੱਡ ਦਿੱਤਾ ਜਾਵੇ। ਪਰ ਵਾਹ ਖ਼ਾਲਸਾਈ ਹੌਸਲਾ ! ਕਿ ਅੱਠ-ਨੌਂ ਸੌ ਕੈਦੀਆਂ ਵਿੱਚੋਂ ਇਕ ਨੇ ਵੀ ਦਿਲ ਨਾ ਡੁਲ੍ਹਾਇਆ ਅਤੇ ਕਤਲ ਹੋਣ ਵਿਚ ਇਕ ਨਾਲੋਂ ਦੂਜਾ ਸਿੰਘ ਪਹਿਲ ਕਰਨੀ ਚਾਹੁੰਦਾ ਰਿਹਾ। ਖ਼ਾਫੀ ਖਾਂ ਲਿਖਦਾ ਹੈ ਕਿ ਮੈਂ ਇਨ੍ਹਾਂ ਸਿੰਘਾਂ ਦੇ ਨਿਸਚੇ ਦੀਆਂ ਐਸੀਆਂ-ਐਸੀਆਂ ਗੱਲਾਂ ਸੁਣੀਆਂ ਹਨ, ਜਿਨ੍ਹਾਂ ਨੂੰ ਅਕਲ ਮੰਨ ਨਹੀਂ ਸਕਦੀ,

ਪਰ ਜੋ ਕੁਝ ਮੈਂ ਆਪਣੀ ਅੱਖੀਂ ਵੇਖਿਆ ਹੈ, ਉਹ ਲਿਖਦਾ ਹਾਂ ਕਿ ਇਨ੍ਹਾਂ ਕੈਦੀਆਂ ਵਿਚ ਇਕ ਦਾਹੜੀ-ਮੁੱਛ ਫੁਟਦਾ ਲੜਕਾ ਸੀ। ਉਸ ਦੀ ਮਾਤਾ ਨੇ ਵਸੀਲਾ ਪਾ ਕੇ ਆਪਣੇ ਕਿਸੇ ਹਮਾਇਤੀ ਦੇ ਰਾਹੀਂ ਬਾਦਸ਼ਾਹ ਅਤੇ ਉਸ ਦੇ ਵਜ਼ੀਰ ਸੱਯਦ ਅਬਦਲ ਪਾਸ ਰੋ-ਰੋ ਕੇ ਬੇਨਤੀ ਕੀਤੀ ਕਿ ਮੇਰਾ ਪੁੱਤਰ ਇਨ੍ਹਾਂ ਕੈਦੀਆਂ ਵਿਚ ਹੈ। ਇਕ ਵਾਰ ਸਿੰਘ ਲੁੱਟ-ਮਾਰ ਨੂੰ ਆਏ, ਇਸ ਨੂੰ ਫੜ ਕੇ ਲੈ ਗਏ ਸਨ। ਉਦੋਂ ਦਾ ਹੀ ਇਹ ਇਨ੍ਹਾਂ ਨਾਲ ਹੈ ਅਤੇ ਬੇ-ਦੋਸ਼ਾ ਹੀ ਕਤਲ ਕੀਤਾ ਚੱਲਿਆ ਹੈ।

ਬਾਦਸ਼ਾਹ ਨੂੰ ਤਰਸ ਆ ਗਿਆ ਅਤੇ ਉਸ ਦੇ ਪੁੱਤਰ ਦੀ ਰਿਹਾਈ ਵਾਸਤੇ ਆਪਣੇ ਹਜ਼ੂਰੋਂ ਇਕ ਆਦਮੀ ਘੱਲਿਆ। ਉਹ ਤ੍ਰੀਮਤ ਖ਼ਲਾਸੀ ਦਾ ਹੁਕਮ ਲੈ ਕੇ ਐਨ ਉਸ ਵੇਲੇ ਪੁੱਜੀ ਜਦ ਕਿ ਜਲਾਦ ਲਹੂ ਨਾਲ ਭਿੱਜੀ ਹੋਈ ਤਲਵਾਰ ਖਿੱਚੀ ਉਸ ਨੂੰ ਵੱਢਣ ਵਾਲਾ ਹੀ ਸੀ। ਉਸ ਦੇ ਪੁੱਤਰ ਨੇ ਰੌਲਾ ਪਾਇਆ ਕਿ ਮੇਰੀ ਮਾਤਾ ਝੂਠ ਬੋਲਦੀ ਹੈ, ਮੈਂ ਤਨੋਂ-ਮਨੋਂ ਆਪਣੇ ਗੁਰੂ ਤੋਂ ਘੋਲੀ ਹਾਂ, ਮੈਨੂੰ ਝਬਦੇ ਮੇਰੇ ਸਾਥੀਆਂ ਪਾਸ ਪੁਚਾਓ।

'ਤ੍ਵਾਰੀਖ ਮੁਹੰਮਦ ਸ਼ਾਹੀ' ਦੇ ਲੇਖਕ ਨੇ ਇਸ ਸਾਖੀ ਨੂੰ ਹੋਰ ਤਰ੍ਹਾਂ ਹੀ ਦਿੱਤਾ ਹੈ। ਉਸ ਦੇ ਲੇਖ ਤੋਂ ਪਤਾ ਲੱਗਦਾ ਹੈ ਕਿ ਜਦ ਜ਼ਕਰੀਆਂ ਖਾਂ ਸਿੰਘਾਂ ਨੂੰ ਲੈ ਕੇ ਦਿੱਲੀ ਪਾਸ ਪੁੱਜਾ ਤਾਂ ਪਤਾ ਲੱਗਾ ਕਿ ਆਹ! ਸਾਹਮਣੇ ਪਿੰਡ ਵੀ ਇਕ ਛੋਕਰਾ ਸਿੰਘ ਸਜ ਗਿਆ ਹੈ। ਉਸ ਵੇਲੇ ਉਸ ਨੂੰ ਫੜ ਮੰਗਾਉਣ ਦਾ ਹੁਕਮ ਦਿੱਤਾ ਅਤੇ ਕੁਝ ਆਦਮੀ ਉਸ ਪਿੰਡ ਵੱਲ ਘੱਲੇ ਗਏ। ਕਰਤਾਰ ਦੀ ਕੁਦਰਤ! ਉਹ ਅਜੇ ਵਿਆਹ ਕਰਵਾ ਕੇ ਆਇਆ ਹੀ ਸੀ ਕਿ ਇਹ ਜਮਦੂਤ ਅੱਪੜ ਪਏ। ਡੋਲਾ ਅਜੇ ਘਰ ਵੀ ਨਹੀਂ ਪੁੱਜਾ ਕਿ ਇਹ ਵਿਚਾਰਾ ਫੜ ਲਿਆ ਗਿਆ ਅਤੇ ਘਰ ਵਾਲਿਆਂ ਦੀ ਖੁਸ਼ੀ ਸੋਗ ਵਿਚ ਬਦਲ ਗਈ। ਵਿਚਾਰੇ ਦਾ ਪਿਤਾ ਮਰ ਚੁੱਕਾ ਸੀ, ਜੋ ਇਸ ਵੇਲੇ ਸਹਾਇਤਾ ਕਰਦਾ ਅਤੇ ਜਾਂਵੀਆਂ ਜਾਂ ਪਿੰਡ ਵਿੱਚੋਂ ਹੋਰ ਕਿਸੇ ਆਦਮੀ ਦਾ ਹੌਸਲਾ ਨਾ ਪਿਆ ਕਿ ਇਸ ਬੇ-ਦੋਸ਼ੇ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਵਿਧਵਾ ਮਾਤਾ ਆਪਣੀ ਨਵੀਂ ਨੂੰਹ ਨੂੰ ਨਾਲ ਲੈ ਕੇ ਦਿੱਲੀ ਵੱਲ ਵਗੀ ਅਤੇ ਬਾਦਸ਼ਾਹ ਦੀ ਕਚਹਿਰੀ ਅੱਗੇ ਜਾ ਦੁਹਾਈ ਪਾਈ। ਕਹਿਰ ਦਾ ਸਮਾਂ! ਸੱਚ ਬੋਲਿਆਂ ਛੁਟਕਾਰਾ ਨਹੀਂ ਹੋਣਾ ਸੀ, ਜੇ ਕਰ ਆਖ ਦੇਵੇ ਕਿ ਮੇਰੇ ਪੁੱਤਰ ਨੂੰ ਬਦੋ-ਬਦੀ ਫੜ ਲਿਆ ਹੈ ਤਾਂ ਪੁੱਤਰ ਦੇ ਨਾਲ

ਆਪਣਾ ਭੀ ਅੰਤ ਹੈ। ਇਸ ਲਈ ਉਸ ਨੇ ਇਹ ਸਾਖੀ ਘੜੀ ਕਿ ਇਕ ਵਾਰ ਸਿੰਘਾਂ ਨੇ ਸਾਡਾ ਪਿੰਡ ਲੁੱਟਿਆ ਤਾਂ ਮੇਰਾ ਨਵਾਂ ਵਿਆਹਿਆ ਪੁੱਤਰ ਵੀ ਲੁੱਟ ਵਿਚ ਹੀ ਲੈ ਗਏ, ਉਸ ਦੀ ਵਹੁਟੀ ਦੇ ਹੱਥਾਂ-ਪੈਰਾਂ ਦੀ ਮਹਿੰਦੀ ਅਜੇ ਉਸੇ ਤਰ੍ਹਾਂ ਹੈ ਅਤੇ ਗਾਨਾ ਅਜੇ ਤੀਕ ਕਿਸੇ ਨਹੀਂ ਖੋਲ੍ਹਿਆ।

ਬੁੱਢੀ ਦੇ ਵਿਰਲਾਪ ਨੇ ਪੱਥਰ-ਦਿਲ ਹਾਕਮਾਂ ਨੂੰ ਮੋਮ ਕਰ ਦਿੱਤਾ ਅਤੇ ਬਾਦਸ਼ਾਹ ਤੋਂ ਅੰਤ ਨੂੰ ਹੁਕਮ ਲੈ ਹੀ ਲਿਆ ਕਿ ਇਸ ਦਾ ਪੁੱਤਰ ਛੱਡ ਦਿੱਤਾ ਜਾਵੇ। ਇਹ ਹੁਕਮ ਲੈ ਕੇ ਜਦ ਉਹ ਦਰੋਗੇ ਪਾਸ ਪੁੱਜੀ ਤਾਂ ਕੀ ਵੇਖਦੀ ਹੈ ਕਿ ਕੋਤਵਾਲੀ ਦੇ ਸਾਹਮਣੇ ਸਿੰਘਾਂ ਦੀ ਕਤਾਰ ਬੈਠੀ ਹੈ, ਇਕ-ਇਕ ਸਿੰਘ ਨੂੰ ਮੁਸਲਮਾਨ ਹੋਣ ਲਈ ਕਿਹਾ ਜਾਂਦਾ ਹੈ। ਜਦ ਉਹ ਨਹੀਂ ਮੰਨਦਾ ਤਾਂ ਕਈ ਪ੍ਰਕਾਰ ਦੇ ਤਸੀਹੇ ਦੇ ਕੇ ਕਤਲ ਕੀਤਾ ਜਾਂਦਾ ਹੈ। ਉਸ ਵੇਲੇ ਉਸ ਦੇ ਪੁੱਤਰ ਦੀ ਵਾਰੀ ਸੀ ਅਤੇ ਜਲਾਦ ਲਹੂ ਭਰੀ ਤਲਵਾਰ ਧੂਹੀ ਤਿਆਰ ਹੀ ਸੀ ਕਿ ਆਪਣਾ ਕੰਮ ਆਰੰਭੇ, ਤਾਂ ਇਸ ਨੇ ਹਾਲ-ਦੁਹਾਈ ਪਾਈ ਅਤੇ ਬਾਦਸ਼ਾਹ ਦੇ ਹਜ਼ੂਰੋਂ ਆਏ ਆਦਮੀ ਨੇ ਉਸ ਦੇ ਛੱਡ ਦਿੱਤੇ ਜਾਣ ਲਈ ਦਰੋਗੇ ਨੂੰ ਕਹਿ ਦਿੱਤਾ। ਸ਼ਹੀਦ ਹੋਣ ਲੱਗੇ ਸਿੰਘ ਬੱਚੇ ਨੇ ਕਿਹਾ: "ਮੈਂ ਨਹੀਂ ਜਾਣਦਾ ਇਹ ਕਿਸ ਦੀ ਮਾਤਾ ਹੈ ਅਤੇ ਇਹ ਵਹੁਟੀ ਕਿੱਥੋਂ ਲਿਆਂਦੀ ਹੈ, ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ? ਮੇਰੇ ਸਾਥੀ ਤਾਂ ਗਏ, ਪਰ ਮੇਰੇ ਜਾਣ ਦਾ ਸਮਾਂ ਜਾ ਰਿਹਾ ਹੈ। ਢਿੱਲ ਮੈਨੂੰ ਅਤੇ ਤੁਹਾਨੂੰ ਦੋਹਾਂ ਨੂੰ ਦੁਖਦਾਈ ਹੈ।" ਬੁੱਢੀ ਬਥੇਰਾ ਰੋਈ, ਹਾਕਮਾਂ ਨੇ ਵੀ ਮਨ੍ਹਾਂ ਕੀਤਾ ਪਰ ਉਹ ਮੁੰਡਾ ਨਹੀਂ ਮੰਨਿਆ ਅਤੇ ਅੰਤ ਨੂੰ ਆਪਣਾ ਸਿਰ ਸੱਚ ਤੋਂ ਵਾਰ ਦਿੱਤਾ।

ਸੱਤਾਂ ਕੁ ਦਿਨਾਂ ਵਿਚ ਸਾਰੇ ਸਿੰਘ ਮੁੱਕ ਗਏ ਪਰ ਉਨ੍ਹਾਂ ਵਿੱਚੋਂ ਇਕ ਨੇ ਵੀ ਸਿੱਖ ਮੱਤ ਦਾ ਤਿਆਗ ਨਹੀਂ ਕੀਤਾ। ਜਿਸ ਦਿਨ ਆਖਰੀ ਜੱਥਾ ਕਤਲ ਕੀਤਾ ਗਿਆ ਉਸ ਦਿਨ ਫੱਗਣ ਦੀ ਸੰਗਰਾਂਦ ਸੀ। ਬੁੱਢੇ-ਬੁੱਢੇ ਆਦਮੀ ਦੱਸਦੇ ਹਨ ਕਿ ਅਜਿਹੀ ਖੂੰਰੇਜ਼ੀ ਅੱਗੇ ਕਦੇ ਨਹੀਂ ਦੇਖੀ। ਪਰ ਜ਼ੁਲਮ ਦੀ ਅਜੇ ਹੱਦ ਨਹੀਂ ਹੋਈ, ਸਭ ਸਿੰਘਾਂ ਨੂੰ ਕਤਲ ਕਰ ਕੇ ਉਨ੍ਹਾਂ ਦੇ ਸਿਰ ਸ਼ਹਿਰ ਦੇ ਰੁੱਖਾਂ ਨਾਲ ਲਟਕਾਏ ਗਏ, ਉਨ੍ਹਾਂ ਦੇ ਧੜਾਂ ਦੇ ਟੋਟੇ-ਟੋਟੇ ਕਰ ਕੇ ਕਿਤੇ ਲੱਤ, ਕਿਤੇ ਬਾਂਹ ਅਤੇ ਕਿਤੇ ਸਾਰਾ ਧੜ ਹੀ ਦਰੱਖਤ ਨਾਲ ਲਟਕਾ ਦਿੱਤਾ ਗਿਆ। ਕਈ ਥਾਈਂ ਜ਼ਮੀਨ ਵਿਚ ਨੇਜ਼ੇ ਤੇ ਬਰਛੀਆਂ ਗੱਡ ਕੇ ਸਿੰਘਾਂ ਦੇ ਸਿਰ ਟੰਗੇ ਹੋਏ

ਸਨ। ਸਿੰਘਾਂ ਵਿੱਚੋਂ ਇਕ ਦੀ ਲੋਥ ਵੀ ਸਾੜੀ ਜਾਂ ਫੂਕੀ ਨਹੀਂ ਗਈ, ਸਾਰੀਆਂ ਇਸ ਤਰ੍ਹਾਂ ਸ਼ਹਿਰ ਦੇ ਵਿਚ ਜਾਂ ਇਰਦੇ-ਗਿਰਦੇ ਟੰਗੀਆਂ ਹੋਈਆਂ ਸਨ। ਚਾਰ ਕੁ ਹਜ਼ਾਰ ਸਿਰ ਅਤੇ ਇਤਨੀਆਂ ਹੀ ਲੱਤਾਂ, ਬਾਹਾਂ ਤੇ ਧੜ ਰੁੱਖਾਂ ਨਾਲ ਲਟਕਾਏ, ਉਨ੍ਹਾਂ ਦੇ ਮਾਸ ਨੂੰ ਗਿਰਝਾਂ ਅਤੇ ਕਾਵਾਂ ਦਾ ਖਾਣਾ ਅਤੇ ਸਾਰੇ ਸ਼ਹਿਰ ਵਿਚ ਬਦਬੂ ਦਾ ਫੈਲਣਾ, ਬੜੇ ਭੈ-ਭੀਤ ਕਰਨ ਵਾਲੇ ਨਜ਼ਾਰੇ ਸਨ। ਇਸ ਤਰ੍ਹਾਂ ਹੀ ਕਈ ਦਿਨ ਲੰਘ ਗਏ ਅਤੇ ਅੰਤ ਨੂੰ ਜਦ ਹੱਡੀਆਂ ਰਹਿ ਗਈਆਂ ਤਾਂ ਹੌਲੀ-ਹੌਲੀ ਪਿੰਜਰ ਵੀ ਜ਼ਮੀਨ ਉੱਤੇ ਡਿੱਗ ਪਏ। ਐਸਾ ਕਰਨਾ ਉਸ ਵੇਲੇ ਦੀ ਆਮ ਰਸਮ ਸੀ ਅਤੇ ਇਸ ਲਈ ਕੀਤਾ ਜਾਂਦਾ ਸੀ ਕਿ ਐਸੇ ਨਜ਼ਾਰੇ ਵੇਖ ਕੇ ਲੋਕੀਂ ਡਰ ਜਾਣ ਅਤੇ ਕਿਸੇ ਵਿਚ ਬਗ਼ਾਵਤ ਕਰਨ ਦਾ ਹੌਸਲਾ ਨਾ ਪਵੇ।

ਖ਼ਾਲਸੇ ਲਈ ਇਹ ਮੁਸੀਬਤ ਦੀ ਪਹਿਲੀ ਲੜੀ ਸੀ। ਬਾਬਾ ਬੰਦਾ ਸਿੰਘ ਬਹਾਦਰ ਮਾਰਿਆ ਗਿਆ ਅਤੇ ਚੁਣਵੇਂ ਆਗੂ ਸਭ ਮਾਰੇ ਗਏ। ਹਾਕਮਾਂ ਜਾਣਿਆ ਕਿ ਹੁਣ ਇਹ ਲਹਿਰ ਮਰ ਗਈ ਹੈ। ਪਰ ਤਦ ਵੀ ਜੋ ਕਿਤੇ ਨਾਮ ਮਾਤ੍ਰ ਸਿੱਖ ਨਜ਼ਰ ਆਉਂਦਾ ਸੀ ਉਸੇ ਨੂੰ ਦਲੇਰ ਜੰਗ ਮਾਰੀ ਗਿਆ। ਦਲੇਰ ਜੰਗ ਮਾਰੀ ਜਾਂਦਾ ਸੀ, ਸਿੰਘ ਵਧਦੇ ਜਾਂਦੇ ਸਨ। ਉਸ ਹੀ ਸਮੇਂ ਸਰ ਬੁਲੰਦ ਖਾਂ ਕਾਬਲ ਦਾ ਸੂਬਾ ਹੋ ਕੇ ਦਿੱਲੀ ਵੱਲੋਂ ਆਇਆ। ਦਲੇਰ ਜੰਗ ਨੇ ਉਸ ਪਾਸੋਂ ਭੀ ਸਹਾਇਤਾ ਮੰਗੀ ਤੇ ਦੋਹਾਂ ਨੇ ਰਲ ਕੇ ਖਾਲਸੇ ਦੇ ਲਹੂ ਨਾਲ ਹੱਥ ਰੰਗੇ, ਪਰ ਖਾਲਸਾ ਤਦ ਭੀ ਨਾ ਮੁੱਕਾ।

ਉਸ ਸਮੇਂ ਦਾ ਕੋਈ ਇਤਿਹਾਸਕਾਰ ਇਸ ਗੁੰਝਲ ਨੂੰ ਸਾਫ਼ ਨਹੀਂ ਕਰ ਸਕਿਆ ਕਿ ਦਿੱਲੀ ਤੇ ਲਾਹੌਰ ਦਾ ਇਨ੍ਹਾਂ ਜਤਨ ਹੁੰਦਿਆਂ ਹੋਇਆਂ ਭੀ ਸਿੰਘ ਕਿਉਂ ਨਾ ਮੁੱਕੇ, ਜਾਂ ਸਰਕਾਰ ਦੇ ਅਨੁਸਾਰੀ ਕਿਉਂ ਨਾ ਹੋ ਗਏ। ਸੂਬੇ ਨੇ ਪੁੱਜ ਕੇ ਸਖ਼ਤੀ ਕਰ ਲਈ, ਪਰ ਸਖ਼ਤੀ ਦਾ ਸਿੱਟਾ ਕੁਝ ਨਾ ਨਿਕਲਿਆ, ਇਸ ਕਰਕੇ ਸੂਬਾ ਚੁੱਪ ਹੋ ਗਿਆ।

ਦਲੇਰ ਜੰਗ ਦਾ ਪੁੱਤਰ ਖਾਨ ਬਹਾਦਰ ਜਦ ਲਾਹੌਰ ਦਾ ਸੂਬਾ ਹੋਇਆ, ਤਾਂ ਉਸ ਨੇ ਫੇਰ ਸਖ਼ਤੀ ਕਰਨੀ ਅਰੰਭੀ। ਉਸ ਨੇ ਕਾਇਦੇ ਨਾਲ ਪਿੰਡ-ਪਿੰਡ ਨੂੰ ਸੋਧਿਆ। ਚੁਣ-ਚੁਣ ਕੇ ਸਿੰਘ ਮਾਰੇ। ਸਿੰਘ ਰਾਜ-ਧ੍ਰੋਹੀ ਸਮਝੇ ਜਾਂਦੇ ਸਨ, ਇਸ ਲਈ ਰਾਜ-ਧ੍ਰੋਹੀਆਂ ਦਾ ਖੁਰਾ-ਖੋਜ ਮਿਟਾਣਾ ਹੀ ਹਕੂਮਤ ਦਾ ਕੰਮ

ਸੀ। ਸਿੰਘਾਂ ਦੇ ਸਿਰਾਂ ਦੇ ਇਨਾਮ ਰੱਖੇ ਹੋਏ ਸਨ। ਪਿੰਡ-ਪਿੰਡ ਸੂਹੀਏ ਫਿਰਦੇ ਸਨ, ਗਸ਼ਤੀ ਫੌਜਾਂ ਚੱਕਰ ਲਾਉਂਦੀਆਂ ਸਨ ਅਤੇ ਜਿੱਥੇ ਸਿੰਘਾਂ ਦਾ ਪਤਾ ਲਗਦਾ ਸੀ, ਜਾ ਸ਼ਿਕਾਰ ਕਰਦੀਆਂ ਸਨ।

ਖਾਨ ਬਹਾਦਰ ਇਸ ਤਰ੍ਹਾਂ ਸਿੰਘਾਂ ਨੂੰ ਮਿਟਾ ਰਿਹਾ ਸੀ, ਪਰ ਸਿੰਘ ਕੌੜੀ ਵੇਲ ਵਾਂਗ ਵਧਦੇ ਜਾਂਦੇ ਸਨ। ਜਿਉਂ-ਜਿਉਂ ਸਿੰਘਾਂ ਉੱਤੇ ਸਖ਼ਤੀ ਹੁੰਦੀ ਸੀ, ਪਿੰਡਾਂ ਦੇ ਲੋਕੀਂ ਸਿੰਘਾਂ ਦੇ ਹਾਮੀ ਹੁੰਦੇ ਜਾਂਦੇ ਸਨ ਅਤੇ ਸਰਕਾਰ ਦੇ ਰਵੱਈਏ ਤੋਂ ਗੁੱਸੇ ਹੋ ਕੇ ਅਣਖ ਵਾਲੇ ਆਦਮੀ ਸਿੰਘ ਸਜਦੇ ਜਾਂਦੇ ਸਨ। ਖਾਨ ਬਹਾਦਰ ਆਪਣੀ ਵੱਲੋਂ ਇਨ੍ਹਾਂ ਜਤਨ ਕਰ ਰਿਹਾ ਸੀ, ਪਰ ਜਦ ਮਹਾਰਾਜਾ ਆਲਾ ਸਿੰਘ ਜੀ ਨੂੰ ਮੁਸਲਮਾਨਾਂ ਦੇ ਟਾਕਰੇ ਲਈ ਮੱਦਦ ਦੀ ਲੋੜ ਪਈ ਤਾਂ ਖ਼ਾਲਸਾ-ਦਲ ਹੁੰਮ-ਹੁਮਾ ਕੇ ਬਰਨਾਲੇ ਆ ਪੁੱਜਾ ਅਤੇ ਚਾਲੀ ਹਜ਼ਾਰ ਮੁਸਲਮਾਨੀ ਸੈਨਾ ਨੂੰ ਭਜਾ ਦਿੱਤਾ। ਹੈਰਾਨੀ ਹੈ ਕਿ ਇਨ੍ਹਾਂ ਖ਼ਾਲਸਾ-ਦਲ ਖਾਨ ਬਹਾਦਰ ਦੀ ਨਜ਼ਰੋਂ ਓਹਲੇ ਕੀਕੂੰ ਰਿਹਾ ਅਤੇ ਉਹ ਇਸ ਨੂੰ ਖੇਰੂੰ-ਖੇਰੂੰ ਕਿਉਂ ਨਾ ਕਰ ਸਕਿਆ।

ਖ਼ਾਨ ਬਹਾਦਰ ਨੇ ਭਾਈ ਤਾਰਾ ਸਿੰਘ ਵਾਈਏਂ ਦੇ ਜਥੇ ਨੂੰ ਸ਼ਹੀਦ ਕਰ ਕੇ ਇਹ ਸਮਝ ਲਿਆ ਸੀ ਕਿ ਮੈਂ ਸਿੰਘਾਂ ਨੂੰ ਮੁਕਾ ਚੁੱਕਾ ਹਾਂ ਪਰ ਇਸ ਸਮੇਂ ਸ਼ਹੀਦ ਬਾਬਾ ਦੀਪ ਸਿੰਘ ਜੀ ਕਈ ਹਜ਼ਾਰ ਸਿੰਘਾਂ ਸਣੇ ਮਹਾਰਾਜਾ ਆਲਾ ਸਿੰਘ ਜੀ ਦੀ ਸਹਾਇਤਾ ਨੂੰ ਗਏ ਹੋਏ ਸਨ। ਸਿੰਘਾਂ ਦੀ ਹੋਂਦ ਦਾ ਖ਼ਾਨ ਬਹਾਦਰ ਨੂੰ ਕੇਵਲ ਓਦੋਂ ਪਤਾ ਲੱਗਾ, ਜਦ ਦਿੱਲੀਓਂ ਮੁੜਦੇ ਨਾਦਰ ਸ਼ਾਹ ਦਾ ਵਹੀਰ ਸਿੰਘਾਂ ਨੇ ਲੁੱਟ ਲਿਆ ਅਤੇ ਸੌ ਯਤਨ ਕਰਨ ਨਾਲ ਵੀ ਹੱਥ ਨਾ ਆਏ।

ਖਾਨ ਬਹਾਦਰ ਰੋਹ ਨਾਲ ਭਰ ਗਿਆ ਅਤੇ ਉਸ ਨੇ ਫੇਰ ਨਵੇਂ ਸਿਰਿਓਂ ਸਖ਼ਤੀ ਆਰੰਭੀ। ਇਹ ਨਾਦਰ ਤੋਂ ਇਕ ਸਾਲ ਪਹਿਲਾਂ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਚੁੱਕਾ ਸੀ। ਸ੍ਰੀ ਹਰਿਮੰਦਰ ਸਾਹਿਬ ਜੀ ਉੱਤੇ ਸਰਕਾਰੀ ਕਬਜ਼ਾ ਸੀ ਤੇ ਹਰ ਇਕ ਚੌਧਰੀ ਨੂੰ ਕਰੜੀ ਤਾਕੀਦ ਸੀ ਕਿ ਆਪਣੇ-ਆਪਣੇ ਇਲਾਕੇ ਵਿੱਚੋਂ ਚੁਣ ਕੇ ਸਿੰਘ ਫੜੇ ਅਤੇ ਲਾਹੌਰ ਪਹੁੰਚਾਏ। ਇਸ ਸਮੇਂ ਛੀਨਿਆਂ ਦਾ ਚੌਧਰੀ ਕਰਮਾ ਛੀਨਾ, ਤਲਵੰਡੀ ਦਾ ਚੌਧਰੀ ਰਾਮਾ ਰੰਧਾਵਾ। ਜੋਧ ਨਗਰੀ ਦਾ ਚੌਧਰੀ ਧਰਮਦਾਸ ਟੋਪੀ, ਜੰਡਿਆਲੇ ਦਾ ਚੌਧਰੀ ਸਰਨ ਦਾਸ ਹੰਦਾਲੀਆ ਨੁਸ਼ਹਿਰੇ ਢਾਲੇ ਦਾ ਚੌਧਰੀ ਸਾਹਿਬ ਰਾਏ, ਮੰਡਿਆਲੀ ਦਾ ਮੱਸਾ

ਰੰਘੜ, ਨੁਸ਼ਹਿਰੇ ਪੰਨੂੰਆਂ ਤੇ ਮਜੀਠੇ ਦੇ ਚੌਧਰੀ ਸਿੰਘਾਂ ਦੇ ਵੈਰੀ ਹੋ ਰਹੇ ਸਨ। ਨਕਸ਼ਾ ਦੇਖਣ ਤੋਂ ਪਤਾ ਲੱਗ ਸਕਦਾ ਹੈ ਕਿ ਸ੍ਰੀ ਅੰਮ੍ਰਿਤਸਰ ਜੀ ਦੇ ਉਦਾਲੇ-ਉਦਾਲੇ ਇਹ ਸਰਕਾਰੀ ਮਦਦਗਾਰਾਂ ਦਾ ਇਕ ਕੁੰਡਲ ਬੱਝਾ ਹੋਇਆ ਸੀ। ਇਸ ਕੁੰਡਲ ਦੀ ਕੇਵਲ ਇਕ ਕੜੀ ਟੁੱਟੀ ਹੋਈ ਸੀ ਅਰਥਾਤ ਝਬਾਲੀਆ ਚੌਧਰੀ, ਸਿੰਘਾਂ ਦਾ ਵੈਰੀ ਨਹੀਂ ਸੀ। ਸਿੰਘ ਨਾ-ਮਿਲਵਰਤਨੀਏ ਸਨ ਤੇ ਝਬਾਲੀਆ ਚੌਧਰੀ ਮਿਲਵਰਤਨੀਆ ਸੀ।

ਇਹ ਧਰਤੀ ਹਠੀ ਤੇ ਸਿਰੜੀ ਸਿੰਘ ਪੈਦਾ ਕਰਨ ਵਾਲੀ ਸੀ। ਸੋ ਇਸ ਦੇ ਪ੍ਰਬੰਧ ਲਈ ਖਾਨ ਬਹਾਦਰ ਨੇ ਐਸਾ ਕੁੰਡਲ ਬਣਾ ਛੱਡਿਆ ਸੀ ਕਿ ਕੋਈ ਸਿੰਘ ਕਿਸੇ ਤਰ੍ਹਾਂ ਵੀ ਲੁਕ-ਛਿਪ ਨ ਸਕਦਾ। ਇਨ੍ਹਾਂ ਚੌਧਰੀਆਂ ਨੂੰ ਸਹਾਇਤਾ ਦੇਣ ਵਾਲੇ ਸਰਕਾਰੀ ਸੂਹੀਏ ਅਤੇ ਗਸ਼ਤੀ ਫ਼ੌਜ ਦੇ ਸਿਪਾਹੀ ਸਨ। ਸਿੰਘਾਂ ਲਈ ਪੁੱਜ ਕੇ ਔਕੜ ਆ ਬਣੀ। ਲਾਚਾਰ ਹੋ, ਮਾਝਾ ਛੱਡ, ਮਾਲਵੇ ਚਲੇ ਗਏ। ਕਈ ਰਾਜਵਾੜਿਆਂ ਵਿਚ ਜਾ ਨੌਕਰ ਹੋਏ। ਜੈਪੁਰ ਤੀਕ ਸਿੰਘ ਚਲੇ ਗਏ ਅਤੇ ਮਾਝੇ ਵਿਚ ਕੋਈ ਬੇਮਲੂਮਾ ਹੀ ਸਿੰਘ ਰਹਿ ਗਿਆ।

ਇਹ ਓਹ ਸਮਾਂ ਸੀ ਜਦ ਮੱਸਾ ਰੰਘੜ ਸ੍ਰੀ ਹਰਿਮੰਦਰ ਸਾਹਿਬ ਜੀ ਵਿਚ ਕੰਜਰੀਆਂ ਦਾ ਨਾਚ ਕਰਵਾਉਂਦਾ ਹੁੰਦਾ ਸੀ। ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਨੇ ਜਦ ਜੈਪੁਰ ਵਿਚ ਪੰਥ ਦਾ ਇਹ ਹਾਲ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਐਸੀ ਬੇਅਦਬੀ ਹੁੰਦੀ ਸੁਣੀ ਤਾਂ ਖਾਲਸਾਈ ਕਰਤਵ ਨੇ ਹੁਲਾਰਾ ਮਾਰਿਆ। ਸਿੰਘ ਸ਼ਹੀਦ ਹੋਣ ਲਈ ਤੁਰ ਪਿਆ। ਆਪ ਦੇ ਨਾਲ ਭਾਈ ਸੁੱਖਾ ਸਿੰਘ ਮਾੜੀ ਕੰਬੋ ਵਾਲਾ ਵੀ ਤੁਰਿਆ ਅਤੇ ਦੋਹਾਂ ਨੇ ਆ ਕੇ ਮੱਸੇ ਰੰਘੜ ਦਾ ਸਿਰ ਵੱਢ ਦਿੱਤਾ। ਇਸ ਸਮੇਂ ਭਾਈ ਬੋਤਾ ਸਿੰਘ ਨੇ ਸ਼ਾਹੀ ਸੜਕ ਉੱਤੇ ਖੜ੍ਹੋ ਕੇ ਮਸੂਲ ਲੈਣਾ ਅਰੰਭ ਦਿੱਤਾ ਅਤੇ ਸਾਬਤ ਕਰ ਦਿੱਤਾ ਕਿ ਸਿੰਘ ਮਰੇ ਨਹੀਂ, ਸਿੰਘ ਜੀਉਂਦੇ ਹਨ, ਸਿੰਘ ਡਰੇ ਨਹੀਂ, ਸਿੰਘ ਜਿਉਂ ਦੇ ਤਿਉਂ ਹਨ।

ਇਸ ਵੇਲੇ ਤੀਕ ਖਾਨ ਬਹਾਦਰ ਕੇਵਲ ਨਾ-ਮਿਲਵਰਤਨੀਏ ਸਿੰਘਾਂ ਦੇ ਹੀ ਉਲਟ ਸੀ, ਹੁਣ ਓਹ ਮਿਲਵਰਤਨੀਏ ਸਿੰਘਾਂ ਦੇ ਵੀ ਮਗਰ ਪੈ ਗਿਆ ਅਤੇ ਭਾਈ ਤਾਰੂ ਸਿੰਘ ਜੀ ਪੂਹਲੇ ਵਾਲਿਆਂ ਨੂੰ ਫੜ ਲਿਆ। ਪਰ ਇਸ ਸਮੇਂ ਆਪ ਵੀ ਮਰ ਗਿਆ। ਇਹ ਗੱਲ ਸੰਮਤ ੧੮੦੧ ਬਿਕ੍ਰਮੀ ਦੀ ਹੈ।

ਹੁਣ ਖਾਨ ਬਹਾਦਰ ਦਾ ਛੋਟਾ ਪੁੱਤਰ ਸ਼ਾਹ ਨਿਵਾਜ਼ ਖਾਂ ਸੂਬਾ ਬਣਿਆ ਇਸ ਦਾ ਵਜ਼ੀਰ ਦੀਵਾਨ ਲਖਪਤ ਰਾਏ ਸੀ। ਇਨ੍ਹਾਂ ਨੇ ਇਹ ਪੱਕੀ ਧਾਰੀ ਕਿ ਸਿੰਘਾਂ ਦਾ ਖੁਰਾ-ਖੋਜ ਮਿਟਾ ਦਿੱਤਾ ਜਾਵੇ। ਨਾ-ਮਿਲਵਰਤਨੀਏ ਕੀ ਤੇ ਮਿਲਵਰਤਨੀਆ ਕੀ, ਹੁਣ ਸਿੰਘ ਦੇ ਅਰਥ ਹੀ ਬਾਗ਼ੀ ਹੋ ਗਏ ਤੇ ਸਿੰਘਾਂ ਦੀ ਹੋਰ ਵੀ ਵੱਡੇ ਪੱਧਰ 'ਤੇ ਕਤਲਾਮ ਸ਼ੁਰੂ ਹੋ ਗਈ। ਭਾਈ ਸੁਬੇਗ ਸਿੰਘ ਜੀ ਜੰਬਰ, ਪੱਕੇ ਮਿਲਵਰਤਨੀਏ ਸਨ। ਉਨ੍ਹਾਂ ਨੂੰ ਤੇ ਉਨ੍ਹਾਂ ਦੇ ਸਪੁੱਤਰ ਸ਼ਾਹਬਾਜ਼ ਸਿੰਘ ਨੂੰ ਚਰਖੜੀ ਉੱਤੇ ਚਾੜ੍ਹਿਆ ਗਿਆ। ਗਸ਼ਤੀ ਫੌਜ ਦੀ ਗਿਣਤੀ ਵਧਾਈ ਗਈ ਅਤੇ ਹਰ ਥਾਂ ਸਿੰਘਾਂ ਦੀ ਖੋਜ ਕੀਤੀ ਗਈ।

ਲਖਪਤ ਦੇ ਭਾਈ ਜਸਪਤ ਨੇ ਰਾਵੀ ਦੇ ਝੱਲ ਵਿੱਚੋਂ ਸਿੰਘਾਂ ਦਾ ਇਕ ਜਥਾ ਲੱਭਾ, ਜੋ ਗੁਜਰਾਂਵਾਲੇ ਵੱਲ ਹੋ ਤੁਰਿਆ। ਮਗਰ-ਮਗਰ ਜਸਪਤ ਸੀ ਅਤੇ ਅੱਗੋਂ ਸ਼ੇਰਾ ਚੌਧਰੀ (ਜਿਸ ਦਾ ਕੋਟ ਸ਼ੇਰਾ ਹੈ) ਆਪਣੀ ਧਾੜ ਲੈ ਕੇ ਮਿਲ ਪਿਆ। ਸਿੰਘ ਕਈ ਦਿਨਾਂ ਦੇ ਭੁੱਖੇ-ਭਾਣੇ ਗੱਖੜ ਦੇ ਪਾਸ ਬੱਦੋਕੀ ਗੁਸਾਈਆਂ ਦੀ ਬਨੀ ਵਿਚ ਘੇਰੇ ਗਏ। ਲਾਚਾਰ ਹੋ ਕੇ ਉਨ੍ਹਾਂ ਹੱਲਾ ਕੀਤਾ ਅਤੇ ਜਸਪਤ ਨੂੰ ਮਾਰ ਲਿਆ। ਹੁਣ ਤਾਂ ਲਖਪਤ ਹੋਰ ਵੀ ਤੱਤਾ ਹੋ ਗਿਆ ਅਤੇ ਸਿੱਖ ਅਵਾਮ ਨੂੰ ਮਰਵਾਉਣ ਲੱਗ ਪਿਆ। ਹੁਕਮ ਦੇ ਦਿੱਤਾ ਕਿ ਕੋਈ ਗੁੜ ਨਾ ਆਖੇ ਕਿਉਂਕਿ ਇਸ ਤੋਂ ਗੁਰ ਚੇਤੇ ਆਉਂਦਾ ਹੈ। ਲੋਕੀਂ ਰੋੜੀ ਆਖਦੇ ਸਨ। ਇਸ ਨੇ ਦਾਅਵਾ ਕੀਤਾ ਸੀ ਕਿ ਸਿੱਖ ਪੰਥ ਦਾ ਅਰੰਭ ਇਕ ਖੱਤਰੀ ਨੇ ਕੀਤਾ ਸੀ ਤੇ ਹੁਣ ਖੱਤਰੀ ਹੀ ਇਸ ਦਾ ਨਾਸ ਕਰੇਗਾ।

ਸਿੱਖੀ ਲਈ ਇਹ ਬੜਾ ਨਾਜ਼ਕ ਸਮਾਂ ਸੀ।ਪਿਛਲੇ ਤੀਹ ਸਾਲਾਂ ਤੋਂ ਸਿੱਖਾਂ ਦੀ ਕਤਲਾਮ ਹੋ ਰਹੀ ਸੀ। ਪਹਿਲਾਂ ਕੇਵਲ ਨਾ-ਮਿਲਵਰਤਨੀਏ ਹੀ ਮਾਰੀਦੇ ਸਨ, ਫੇਰ ਮਿਲਵਰਤਨੀਏ ਵੀ ਮਾਰੇ ਜਾਣ ਲੱਗੇ ਅਤੇ ਅੰਤ ਨੂੰ ਹੁਣ ਸਿੱਖ ਵੀ ਬਾਗ਼ੀ ਸਮਝੇ ਜਾਣ ਲੱਗ ਪਏ। ਗੁਰੂ ਦਾ ਨਾਮ ਲੈਣਾ, ਬਾਣੀ ਪੜ੍ਹਨੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਕਿਸੇ ਪੋਥੀ ਦਾ ਪਾਠ ਕਰਨਾ ਜਾਂ ਆਪਣੇ ਪਾਸ ਰੱਖਣੀ ਬਾਗ਼ੀ ਹੋਣ ਦੀ ਪੱਕੀ ਨਿਸ਼ਾਨੀ ਸੀ। ਜਦ ਸਖ਼ਤੀ ਇਥੋਂ ਤੀਕ ਵਧ ਜਾਏ ਤਾਂ ਕਿਸੇ ਕੌਮ ਦਾ ਜੀਉਂਦੇ ਰਹਿ ਸਕਣਾ ਕੋਈ ਸੌਖੀ ਜਿਹੀ ਗੱਲ ਨਹੀਂ ਹੁੰਦੀ।

ਲਖਪਤ ਨੇ ਐਸਾ ਦਾਅਵਾ ਕਿਉਂ ਕੀਤਾ ਕਿ ਸਿੱਖਾਂ ਦਾ ਖੁਰਾ-ਖੋਜ

ਮਿਟਾਵਾਂਗਾ?

ਇਹ ਇਕ ਗ਼ਰੀਬ ਖੱਤਰੀ ਦਾ ਪੁੱਤਰ ਸੀ, ਪਰ ਜਦ ਤੋਂ ਇਸ ਨੇ ਗੁਰੂ ਸਾਹਿਬਾਂ ਉੱਤੇ ਨਿਸਚਾ ਕੀਤਾ ਤਦ ਤੋਂ ਇਸ ਦੀ ਪ੍ਰਭਤਾ ਵਧਣ ਲੱਗੀ। ਗੁਰਦੁਆਰਾ ਮਾਣਕ ਕੀ ਪਹਿਲੀ ਇਮਾਰਤ ਇਸ ਨੇ ਬਣਾਈ ਸੀ। ਖ਼ਾਨ ਬਹਾਦਰ ਦੇ ਸਮੇਂ ਇਹ ਤਕੜਾ ਅਹਿਲਕਾਰ ਸੀ ਅਤੇ ਇਹ ਮਨ ਵਿਚ ਸਮਝੀ ਬੈਠਾ ਸੀ ਕਿ ਜੇਕਰ ਮੈਂ ਕੁਝ ਲਾ-ਪਰਵਾਹੀ ਨਾ ਕੀਤਾ ਕਰਦਾ ਤਾਂ ਅੱਜ ਤੀਕ ਸਿੱਖੀ ਦਾ ਨਾਮ ਨਹੀਂ ਰਹਿਣਾ ਸੀ। ਸਿੱਖੀ ਜੇਕਰ ਹੁਣ ਤੀਕ ਬਚ ਰਹੀ ਹੈ ਤਾਂ ਕੇਵਲ ਮੇਰੀ ਇਸ ਇੱਛਾ ਕਰਕੇ ਹੀ ਬਚ ਰਹੀ ਹੈ ਕਿ ਸਿੱਖ ਮੂਲੋਂ ਹੀ ਕੁਚਲੇ ਨਾ ਜਾਣ ਪਰ ਹੁਣ ਜਦ ਕਿ ਸਿੱਖ ਮੇਰੇ ਸਿਰ ਹੋ ਗਏ ਹਨ ਤਾਂ ਮੈਂ ਦੱਸਾਂਗਾ ਕਿ ਇਹ ਕਿਸ ਤਰ੍ਹਾਂ ਝਟਪਟ ਮੁਕਾਏ ਜਾ ਸਕਦੇ ਹਨ!

ਇਸ ਲਖਪਤ ਨੂੰ ਇਹ ਪਤਾ ਨਹੀਂ ਸੀ ਕਿ ਸਿੱਖਾਂ ਦਾ ਵਾਧਾ ਉਸ ਦੀ ਕੱਚੀ ਇੱਛਾ ਕਰਕੇ ਹੀ ਨਹੀਂ ਸਗੋਂ ਉਨ੍ਹਾਂ ਕਰਤਵਾਂ ਦੇ ਕਾਰਨ ਹੋ ਰਿਹਾ ਸੀ ਜਿਨ੍ਹਾਂ ਦੀ ਜਾਗ ਸ੍ਰੀ ਦਸਮੇਸ਼ ਜੀ ਲਾ ਗਏ ਸਨ। ਕਈ ਕੱਚੇ ਸ਼ੁਭ-ਚਿੰਤਕ ਇਹ ਸਮਝਦੇ ਹਨ ਕਿ ਕੌਮ ਨੂੰ ਫਲਾਣੀ-ਫਲਾਣੀ ਔਕੜ ਤੋਂ ਅਸਾਂ ਬਚਾਇਆ ਹੈ ਜੇਕਰ ਅਸੀਂ ਐਸਾ ਚਿਤਵਦੇ ਜਾਂ ਐਸਾ ਨਾ ਕਰਦੇ ਤਾਂ ਕੌਮ ਨੇ ਗ਼ਰਕ ਹੋ ਜਾਣਾ ਸੀ। ਉਨ੍ਹਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਲਖਪਤ ਵੀ ਇਹੋ ਕੁਝ ਸਮਝਦਾ ਸੀ। ਜਦ ਲਖਪਤ ਆਪਣਾ ਜ਼ੋਰ ਲਾ ਥੱਕਾ ਤਾਂ ਉਸ ਨੂੰ ਪਤਾ ਲੱਗ ਗਿਆ ਕਿ ਸਿੱਖਾਂ ਦੇ ਵਾਧੇ ਦਾ ਕਾਰਨ ਕੁਝ ਹੋਰ ਹੀ ਸੀ।

ਲਖਪਤ ਭਾਰੀ ਸੈਨਾ ਤੇ ਲੜਾਈ ਦਾ ਸਾਮਾਨ ਲੈ ਕੇ ਸਿੰਘਾਂ ਦੇ ਮਗਰ ਲੱਗਾ। ਭਾਵੇਂ ਤੀਹਾਂ-ਬੱਤੀਆਂ ਸਾਲਾਂ ਤੋਂ ਸਿੰਘ ਤਲਵਾਰ ਦੀ ਧਾਰ ਹੇਠ ਸਨ, ਪਰ ਤਦ ਵੀ ਪੰਜਾਹ ਹਜ਼ਾਰ ਤੀਕ ਇਨ੍ਹਾਂ ਦੀ ਗਿਣਤੀ ਅੱਪੜ ਚੁਕੀ ਸੀ, ਜਦ ਕਿ ਸਰਕਾਰ ਵੱਲੋਂ ਇਤਨੀ ਸਖ਼ਤੀ ਹੋ ਰਹੀ ਹੋਵੇ ਕਿ ਸਿੰਘ ਕੀੜੀ ਮਰ ਜਾਣ ਦੇ ਤੁਲ ਸਮਝਿਆ ਜਾਂਦਾ ਹੋਵੇ ਅਤੇ ਜੋ ਸਿੰਘ ਫੜਿਆ ਜਾਵੇ ਉਸੇ ਵੇਲੇ ਮਾਰ ਦਿੱਤਾ ਜਾਂਦਾ ਹੋਵੇ, ਇਸ ਤਰ੍ਹਾਂ ਰੋਜ਼ ਘਟ-ਘਟ ਕੇ ਵੀ ਅਤੇ ਤੀਹ ਬੱਤੀ ਸਾਲ ਐਸੀ ਕਤਲਾਮ ਸਹਾਰ ਕੇ ਵੀ ਪੰਜਾਹ ਹਜ਼ਾਰ ਸਿਰ ਵਾਰਨ ਵਾਲੇ ਸਿੰਘਾਂ ਦਾ ਨਿਕਲ ਆਉਣਾ ਕੋਈ ਨਿੱਕੀ ਜਿਹੀ ਗੱਲ ਨਹੀਂ ਸੀ।

ਲਖਪਤ ਨੇ ਚੜ੍ਹਾਈ ਕੀਤੀ ਅਤੇ ਰਾਵੀ ਦੇ ਝਲ ਵਿਚ ਵੜ ਕੇ ਸਿੰਘਾਂ ਨੂੰ ਪਹਾੜ ਤੀਕ ਧੱਕੀ ਗਿਆ। ਸਿੰਘ ਪਹਾੜੋਂ ਹਟ ਕੇ ਫੇਰ ਪਿੱਛੇ ਹਟੇ ਅਤੇ ਲੜਦੇ-ਭਿੜਦੇ ਮਾਲਵੇ ਨੂੰ ਚਲੇ ਗਏ। ਇਹ ਸਿੱਖ ਇਤਿਹਾਸ ਦਾ ਛੋਟਾ ਘੱਲੂਘਾਰਾ ਹੈ, ਜਿਸ ਵਿਚ ਉਸ ਸਮੇਂ ਦੇ ਖਿਆਲ ਅਨੁਸਾਰ ਤੀਹ-ਚਾਲੀ ਹਜ਼ਾਰ ਖਾਲਸਾ ਸ਼ਹੀਦ ਹੋਇਆ ਅਤੇ ਸਿੰਘਾਂ ਦੀ ਗਿਣਤੀ ਬਹੁਤ ਥੋੜ੍ਹੀ ਰਹਿ ਗਈ।

ਸਿੰਘਾਂ ਲਈ ਇਹ ਬੜੀ ਭਾਰੀ ਸੱਟ ਸੀ। ਸੱਚ ਤਾਂ ਇਹ ਹੈ ਕਿ ਜੇਕਰ ਸਿੰਘਾਂ ਦੀ ਥਾਂ ਕੋਈ ਹੋਰ ਕੌਮ ਹੁੰਦੀ ਤਾਂ ਐਸੀ ਕਰੜੀ ਸੱਟ ਨਾਲ ਜ਼ਰੂਰ ਮਰ ਹੀ ਜਾਂਦੀ। ਪਰ ਸਿੰਘਾਂ ਨੇ ਦਿਲ ਨਹੀਂ ਡੁਲ੍ਹਾਇਆ, ਸਗੋਂ ਇਸ ਸਮੇਂ ਵੀ ਚੜ੍ਹਦੀਆਂ ਕਲਾਂ ਵਿਚ ਹੀ ਰਹੇ। ਜੇਕਰ ਇਤਿਹਾਸ ਨੂੰ ਵੇਖਿਆ ਜਾਵੇ ਤਾਂ ਇਹ ਸਿੱਧ ਹੁੰਦਾ ਹੈ ਕਿ ਛੋਟੇ ਘੱਲੂਘਾਰੇ ਤੋਂ ਮਗਰੋਂ ਸਿੰਘਾਂ ਦੀ ਤਾਕਤ ਦਿਨੋਂ ਦਿਨ ਵਧਣ ਲੱਗ ਪਈ, ਜਿਸ ਦਾ ਪ੍ਰਤੱਖ ਨਮੂਨਾ ਇਹ ਹੈ ਕਿ ਇਸ ਤੋਂ ਡੇਢ ਕੁ ਸਾਲ ਮਗਰੋਂ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਜੀ ਵਿਖੇ ਰਾਮਰੌਣੀ ਦੀ ਗੜ੍ਹੀ ਬਣਾ ਲਈ।

ਪਰ ਸਿੰਘਾਂ ਦੀਆਂ ਔਕੜਾਂ ਦਾ ਅਜੇ ਅੰਤ ਨਹੀਂ ਸੀ ਹੋਇਆ। ਇਨ੍ਹਾਂ ਦੇ ਦਿਲਾਂ ਦੀ ਪਰਖ ਲਈ ਅਜੇ ਹੋਰ ਇਮਤਿਹਾਨਾਂ ਦੀ ਲੋੜ ਸੀ। ਹੁਣ ਸਮਾਂ ਆਇਆ ਮੀਰ ਮਨੂੰ ਦਾ, ਜਿਸ ਨੇ ਅਹਿਮਦਸ਼ਾਹ ਅਬਦਾਲੀ ਨੂੰ ਭਾਂਜ ਦੇ ਕੇ ਲਾਹੌਰ ਤੇ ਮੁਲਤਾਨ ਦੀ ਹਕੂਮਤ ਲਈ ਸੀ। ਇਸ ਨੇ ਆਉਂਦਿਆਂ ਹੀ ਰਾਮਰੌਣੀ ਨੂੰ ਘੇਰ ਲਿਆ, ਪਰ ਫੇਰ ਨੀਤੀ ਦੇ ਖਿਆਲ ਨਾਲ ਸਿੰਘਾਂ ਨਾਲ ਸੁਲਹ-ਸਫਾਈ ਕਰ ਲਈ। ਕੁਝ ਪਿੰਡ ਰਾਮਰੌਣੀ ਦੀ ਜਗੀਰ ਵਜੋਂ ਲਾ ਦਿੱਤੀ ਅਤੇ ਸਿੰਘਾਂ ਨੂੰ ਆਪਣੀ ਸਹਾਇਤਾ ਉੱਤੇ ਲੈ ਕੇ ਮੁਲਤਾਨ ਦੇ ਸੂਬੇ ਸ਼ਾਹ ਨਿਵਾਜ਼ ਖਾਂ ਨੂੰ ਜਾ ਮਾਰਿਆ। ਫੇਰ ਜਦ ਅਹਿਮਦ ਸ਼ਾਹ ਲਾਹੌਰ ਉੱਤੇ ਚੜ੍ਹ ਆਇਆ ਤਾਂ ਸਿੰਘਾਂ ਨੇ ਉਸ ਸਮੇਂ ਵੀ ਮੀਰ ਮਨੂੰ ਵੱਲੋਂ ਹੋ ਕੇ ਅਹਿਮਦ ਸ਼ਾਹ ਦਾ ਟਾਕਰਾ ਕੀਤਾ। ਇਸ ਸਮੇਂ ਕੌੜਾ ਮੱਲ ਮਾਰਿਆ ਗਿਆ, ਜੋ ਸੂਬੇ ਤੇ ਸਿੰਘਾਂ ਦੇ ਵਿਚਕਾਰ ਇਕ ਸੰਗਲੀ ਸੀ। ਇਹ ਸੰਗਲੀ ਟੁੱਟ ਗਈ ਅਤੇ ਹਕੂਮਤ ਆਪਣੀ ਗੌਂ ਵੀ ਪੂਰੀ ਕਰ ਚੁੱਕੀ ਸੀ। ਸੋ ਝੱਟ ਆਪਣੇ ਅਸਲੀ ਰੰਗ ਵਿਚ ਆਈ ਅਤੇ ਸਿੰਘਾਂ ਦੀ ਕਤਲਾਮ ਸ਼ੁਰੂ ਕਰ ਦਿੱਤੀ। ਇਹ ਗੱਲ ੧੮੦੯ ਦੀ ਹੈ।

ਇਹ ਸਿੰਘਾਂ ਦੀ ਆਖਰੀ ਕਤਲਾਮ ਸੀ, ਪਰ ਪਹਿਲੀਆਂ ਕਤਲਾਮਾਂ ਨਾਲੋਂ ਬੜੀ ਕਰੜੀ ਸੀ। ਸਿੰਘਾਂ ਨੇ ਕੇਵਲ ਤਿੰਨ ਸਾਲ ਅਰਾਮ ਕੀਤਾ ਸੀ ਕਿ ਹਕੂਮਤ ਆਪਣੇ ਬਚਨ ਤੋਂ ਫਿਰ ਗਈ ਅਤੇ ਜਿਨ੍ਹਾਂ ਨੂੰ ਮਿੱਤਰ ਆਖਦੀ ਤੇ ਜਗੀਰਾਂ ਦੇਂਦੀ ਸੀ, ਉਨ੍ਹਾਂ ਨੂੰ ਹੀ ਬਾਗ਼ੀ ਕਹਿ ਕੇ ਮਾਰਨ ਲੱਗ ਪਈ।

ਛੋਟੇ ਘੱਲੂਘਾਰੇ ਤੀਕ ਜੋ ਦਲ ਵਿਚ ਰਹਿਣ ਵਾਲੇ ਸਿੰਘ ਸਨ ਉਨ੍ਹਾਂ ਲਈ ਜ਼ਰੂਰੀ ਸੀ ਕਿ ਉਹ ਜਥੇ ਦੀ ਆਗਿਆ ਤੋਂ ਬਿਨਾਂ ਆਪਣੇ ਘਰ ਨਾ ਜਾਇਆ ਕਰਨ ਅਤੇ ਜੇਕਰ ਆਗਿਆ ਲੈ ਕੇ ਵੀ ਜਾਣ ਤਾਂ ਵਾਪਸ ਆ ਕੇ ਜਦ ਤੀਕ ਤਨਖਾਹ ਨਾ ਬਖਸ਼ਾ ਲੈਣ ਤਦ ਤੀਕ ਜਥੇ ਵਿਚ ਸ਼ਾਮਲ ਨਾ ਕੀਤੇ ਜਾਣ। ਪਰ ਮੀਰ ਮਨੂੰ ਦੇ ਸਮੇਂ ਗ੍ਰਿਹਸਤੀ ਸਿੰਘ ਭੀ ਤਿਆਰ ਬਰ-ਤਿਆਰ ਹੋ ਗਏ ਜੋ 'ਦਲ' ਨਾਲ ਤਾਂ ਨਹੀਂ ਰਹਿੰਦੇ ਸਨ, ਪਰ ਅਸੂਲ ਦੇ ਲਿਹਾਜ਼ ਨਾਲ ਨਾ-ਮਿਲਵਰਤਨੀਏ ਹੀ ਸਨ।

ਹੁਣ ਜਦ ਮੀਰ ਮਨੂੰ ਨੇ ਕਤਲਾਮ ਸ਼ੁਰੂ ਕੀਤੀ ਤਾਂ ਗ੍ਰਿਹਸਤੀ ਖ਼ਾਲਸੇ ਉੱਤੇ ਵੀ ਮੁਸੀਬਤ ਆਈ। ਦਿਨਾਂ ਵਿਚ ਹੀ ਪਿੰਡਾਂ ਦੇ ਸਿੰਘ-ਘਰਾਣੇ ਚੁਣ ਲਏ ਗਏ ਅਤੇ ਰਹਿੰਦੇ ਸਿੰਘ ਤੇ ਸਿੰਘਣੀਆਂ ਝਲਾਂ ਵਿਚ ਜਾ ਵੜੇ। ਮੀਰ ਮਨੂੰ ਨੇ ਸਿੰਘਣੀਆਂ ਨੂੰ ਫੜ-ਫੜ ਕੇ ਬੜੀ ਬੇਤਰਸੀ ਨਾਲ ਕਤਲ ਕਰਵਾਇਆ। ਉਨ੍ਹਾਂ ਨੂੰ ਚੱਕੀ ਦੀ ਮੁਸ਼ੱਕਤ ਦਿੱਤੀ, ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਬੱਚੇ ਕਤਲ ਕੀਤੇ ਅਤੇ ਅੰਤ ਉਨ੍ਹਾਂ ਨੂੰ ਵੀ ਮਾਰ ਦਿੱਤਾ ਪਰ ਇਕ ਨੇ ਵੀ ਇਹ ਨਾ ਆਖਿਆ ਕਿ ਮੇਰਾ ਸੰਬੰਧ ਖਾਲਸਾ ਪੰਥ ਨਾਲ ਨਹੀਂ। ਸਿੰਘ ਫੜੇ ਆਉਂਦੇ ਅਤੇ ਮੰਡੀ ਵਿਚ ਜਮ੍ਹਾਂ ਕਰ ਕੇ ਮਾਰੇ ਜਾਂਦੇ। ਸਿਰ ਵੱਢੇ ਜਾਂਦੇ ਜਾਂ ਰੂੰ ਵਿਚ ਵਲ੍ਹੇਟ ਕੇ ਤੇ ਤੇਲ ਪਾ ਕੇ ਜੀਉਂਦੇ ਸਾੜੇ ਜਾਂਦੇ। ਇਨ੍ਹਾਂ ਸ਼ਹੀਦਾਂ ਦੇ ਸਿਰਾਂ ਨਾਲ ਕਈ ਖੂਹ ਭਰੇ ਗਏ, ਕਈ ਮੁਨਾਰੇ ਚਿਣੇ ਗਏ। ਇਨ੍ਹਾਂ ਨਾਲ ਇੰਨੀ ਸਖ਼ਤੀ ਹੋਈ ਹੈ ਕਿ ਇਨ੍ਹਾਂ ਤਿੰਨ ਸਾਲਾਂ ਵਿਚ ਕਈ ਹਜ਼ਾਰ ਸਿੰਘ-ਸਿੰਘਣੀਆਂ ਦੇ ਸੀਸ ਲੱਗੇ ਪਰ ਸਿੰਘ ਸਿਰੜੀ ਬਹੁਤ ਹੋ ਗਏ ਅਤੇ ਹਕੂਮਤ ਨਾਲ ਬਰ ਮੇਚਣ ਦੇ ਯੋਗ ਹੋ ਗਏ।

ਹੁਣ ਸਿੰਘ ਕੌੜੀ ਵੇਲ ਵਾਂਗ ਵਧਦੇ ਗਏ ਤੇ ਮੱਲਾਂ ਮੱਲਣ ਲੱਗ ਪਏ। ਆਉਂਦੇ ਛੇ ਸਾਲਾਂ ਵਿਚ ਸਿੰਘ ਇਤਨੇ ਤਕੜੇ ਹੋ ਗਏ ਕਿ ਅਹਿਮਦਸ਼ਾਹ ਅਬਦਾਲੀ, ਜਿਸ ਨੇ ਸੰਮਤ ੧੮੧੭ ਵਿਚ ਤਿੰਨ ਲੱਖ ਮਰਹੱਟਾ ਸੈਨਾ ਨੂੰ

ਮਿੱਟੀ ਨਾਲ ਮਿਲਾ ਕੇ ਮਰਹੱਟਿਆਂ ਦਾ ਲੱਕ ਤੋੜ ਦਿੱਤਾ ਸੀ, ਥੋੜ੍ਹੇ ਹੀ ਮਹੀਨਿਆਂ ਮਗਰੋਂ ਉਸ ਨੂੰ ਸਿੰਘਾਂ ਦੀ ਤਾਕਤ ਤੋੜਨ ਲਈ ਫਿਰ ੧੮੧੮ ਵਿਚ ਪੰਜਾਬ ਆਉਣਾ ਪਿਆ। ਅਬਦਾਲੀ ਏਕਾ-ਏਕ ਸਿੰਘਾਂ ਉੱਤੇ ਪਿਆ ਅਤੇ ਕੁੱਪਰਹੀੜੇ ਦੇ ਮੈਦਾਨ ਵਿਚ ਸਿੰਘਾਂ ਨੂੰ ਘੇਰ ਲਿਆ। ਸਾਹਮਣੇ ਅਹਿਮਦ ਸ਼ਾਹ ਸੀ ਤੇ ਪਿੱਛੇ ਜ਼ੈਨ ਖਾਂ ਹਾਕਮ ਸਰਹੰਦ ਅਤੇ ਭੀਖਣ ਖਾਂ ਨਵਾਬ ਮਲੇਰਕੋਟਲਾ ਅਤੇ ਸਿੰਘ ਦੋਹਾਂ ਫੌਜਾਂ ਦੇ ਵਿਚਾਲੇ ਸਨ। ਸਿੰਘ ਲੜਦੇ ਗਏ ਅਤੇ ਪਿੱਛੇ ਹਟਦੇ ਗਏ। ਜਦ ਦੁਪਹਿਰ ਹੋ ਗਈ ਤਾਂ ਤੁਰਕਾਨੀ ਸੈਨਾ ਪਿੱਛੇ ਹਟ ਗਈ ਅਤੇ ਅਬਦਾਲੀ ਨੇ ਸਮਝਿਆ ਕਿ ਮੈਂ ਮਰਹੱਟਿਆਂ ਵਾਂਗ ਸਿੰਘਾਂ ਦਾ ਐਸਾ ਲੱਕ ਤੋੜ ਚੱਲਿਆ ਹਾਂ ਕਿ ਆਉਂਦੇ ਕਈ ਸਾਲਾਂ ਤੀਕ ਇਹ ਸਿਰ ਨਹੀਂ ਚੁੱਕ ਸਕਣਗੇ।

ਪਰ ਇਹ ਇਸ ਦੀ ਭੁੱਲ ਸੀ। ਖ਼ਾਲਸੇ ਨੂੰ ਨਿਰਸੰਦੇਹ ਬੜੀ ਭਾਰੀ ਸੱਟ ਵੱਜੀ ਸੀ (ਉਸ ਸਮੇਂ ਦੇ ਖਿਆਲ ਅਨੁਸਾਰ ਪੰਜਾਹ ਹਜ਼ਾਰ ਖ਼ਾਲਸਾ ਸ਼ਹੀਦ ਹੋ ਗਿਆ ਸੀ) ਪਰ ਖਾਲਸੇ ਦਾ ਦਿਲ ਨਹੀਂ ਡੋਲਿਆ ਸੀ। ਜਦ ਸੰਝ ਨੂੰ ਖ਼ਾਲਸਾ ਇਕੱਠਾ ਹੋਇਆ ਤਾਂ ਇਕ ਸਿੰਘ ਨੇ ਗੱਜ ਕੇ ਆਖਿਆ ਕਿ ਜੋ ਖੋਟ ਸੀ ਸੋ ਨਿਕਲ ਗਿਆ ਹੈ, ਹੁਣ ਤੱਤ ਖ਼ਾਲਸਾ ਹੀ ਰਹਿ ਗਿਆ ਹੈ। ਜਿਸ ਕੌਮ ਦਾ ਮੁਸੀਬਤ ਵੇਲੇ ਐਸਾ ਸਾਹਸ ਹੋਵੇ ਉਹ ਕੌਮ ਕਦੇ ਡੋਲ ਨਹੀਂ ਸਕਦੀ, ਕਿਸੇ ਮੈਦਾਨ ਹਾਰ ਨਹੀਂ ਸਕਦੀ।

ਸਿੰਘਾਂ ਦੀ ਇਹ ਆਖਰੀ ਅਜ਼ਮਾਇਸ਼ ਸੀ। ਇਹ ਮੁਸੀਬਤ ਦੀ ਕੁਠਾਲੀ ਦਾ ਆਖਰੀ ਚਰਖ ਸੀ ਜਿਸ ਵਿੱਚੋਂ ਖ਼ਾਲਸਾ ਕੁੰਦਨ ਬਣ ਕੇ ਨਿਕਲਿਆ। ਹੁਣ ਕਰਤਾਰ ਦਾ ਆਸਰਾ ਸੀ ਜਾਂ ਖ਼ਾਲਸੇ ਦੀ ਤਲਵਾਰ। ਅਗਲੇ ਹੀ ਸਾਲ ਕਸੂਰ ਮਾਰ ਲਈ, ਫਿਰ ਸਰਹਿੰਦ ਨੂੰ ਜਾ ਮੱਲਿਆ ਅਤੇ ਇਸ ਤੋਂ ਮਗਰੋਂ ਖ਼ਾਲਸਾ ਅਟਕ ਤੋਂ ਲੈ ਕੇ ਅਵਧ ਦੀ ਸਰਹਿੰਦ ਤੀਕ ਖਿੱਲਰ ਗਿਆ।

ਪੁਰਾਣੇ ਸਭ ਜਥੇਦਾਰ ਸੁਰਗਵਾਸ ਹੋ ਚੁੱਕੇ ਸਨ। ਕੇਵਲ ਸਰਦਾਰ ਸ਼ਾਮ ਸਿੰਘ ਨਾਰਲੇ ਵਾਲਾ ਜੀਉਂਦਾ ਸੀ। ਇਸ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਮਾਂ ਵੇਖਿਆ ਸੀ ਅਤੇ ਇਸ ਤੋਂ ਮਗਰੋਂ ਜੋ ਔਕੜਾਂ ਪੰਥ 'ਤੇ ਆਈਆਂ ਸਨ ਉਹ ਸਭ ਇਸ ਦੇ ਸਰੀਰ ਉੱਤੋਂ ਦੀ ਲੰਘੀਆਂ ਸਨ। ਸਰਦਾਰ ਸ਼ਾਮ ਸਿੰਘ ਦਸ-ਬਾਰ੍ਹਾਂ ਹਜ਼ਾਰ ਸਿੰਘਾਂ ਦੀ ਮਿਸਲ ਦਾ ਮਾਲਕ ਸੀ। ਇਸ ਨੇ ਸਿੰਘਾਂ ਦੀ

ਚੜ੍ਹਦੀ ਕਲਾ ਵੀ ਵੇਖ ਲਈ ਅਤੇ ਆਪਣੀ ਅੱਖੀਂ ਮੁਗਲਾਂ ਦਾ ਰਾਜ ਨਸ਼ਟ ਹੁੰਦਾ ਵੀ ਵੇਖਿਆ। ਡੇਢ ਲੱਖ ਖ਼ਾਲਸੇ ਨੇ ਚੜ੍ਹਾਈ ਕੀਤੀ ਜਿਨ੍ਹਾਂ ਦਾ ਜਥੇਦਾਰ ਇਸੇ ਦੀ ਮਿਸਲ ਦਾ ਸਰਦਾਰ ਬਘੇਲ ਸਿੰਘ ਝਬਾਲੀਆ ਸੀ। ਖ਼ਾਲਸੇ ਨੇ ਦਿੱਲੀ ਜਾ ਮਾਰੀ, ਕਾਸਗੰਜ ਤੀਕ ਸਭ ਇਲਾਕਾ ਉਗਰਾਹ ਲਿਆ, ਚੰਦੌਸੀ ਤੀਕ ਚਲੇ ਗਏ ਪਰ ਕਿਸੇ ਹੂੰ? ਨਹੀਂ ਕੀਤੀ, ਹਰ ਕੋਈ ਟਕੇ ਲੈ ਕੇ ਹਾਜ਼ਰ ਹੁੰਦਾ ਰਿਹਾ। ਇਹ ਸਭ ਕੁਝ ਸਰਦਾਰ ਸ਼ਾਮ ਸਿੰਘ ਨੇ ਆਪਣੀ ਅੱਖੀਂ ਵੇਖ ਲਿਆ ਅਤੇ ਅੰਤ ਨੂੰ ਸੰਮਤ ੧੯੩੫ ਬਿਕ੍ਰਮੀ ਵਿਚ ਆਪ ਬਿੰਝਲਪੁਰੇ ਸੁਰਗਵਾਸ ਹੋ ਗਏ।

ਇਸ ਪ੍ਰਸ਼ਨ ਦਾ ਉੱਤਰ ਕਿ ਮੁਸੀਬਤ ਸਮੇਂ ਖ਼ਾਲਸਈ ਕਰਤੱਵ ਕੀ ਹੁੰਦਾ ਹੈ, ਸਰਦਾਰ ਸ਼ਾਮ ਸਿੰਘ ਜੀ ਦਾ ਜੀਵਨ ਸਾਫ਼ ਦੇ ਰਿਹਾ ਹੈ। ਖ਼ਾਲਸਾ ਮੁਸੀਬਤਾਂ ਤੋਂ ਕਦੇ ਡਰਿਆ ਨਹੀਂ, ਮੁਸੀਬਤ ਸਮੇਂ ਖ਼ਾਲਸੇ ਦਾ ਦਿਲ ਕਦੇ ਡੋਲਿਆ ਨਹੀਂ। ਹਜ਼ਾਰਾਂ ਸਿੰਘ ਸ਼ਹੀਦ ਕਰਵਾ ਕੇ ਵੀ ਖ਼ਾਲਸਾ ਚੜ੍ਹਦੀਆਂ ਕਲਾਂ ਵਿਚ ਰਿਹਾ ਹੈ। ਖ਼ਾਲਸੇ ਦਾ ਨਿਸਚਾ ਹੈ ਕਿ ਮੁਸੀਬਤ ਆਉਂਦੀ ਹੈ ਅਤੇ ਮੁਸੀਬਤ ਚਲੀ ਜਾਂਦੀ ਹੈ ਪਰ ਜੋ ਸੱਚੇ ਅਸੂਲ ਦਾ ਆਸਰਾ ਲੈ ਕੇ ਇਸ ਮੁਸੀਬਤ ਨੂੰ ਝਾਗ ਲੈਂਦੇ ਹਨ ਉਹ ਆਪਣੇ ਮਨੋਰਥ ਵਿਚ ਜ਼ਰੂਰ ਕਾਮਯਾਬ ਹੁੰਦੇ ਹਨ। ਸਿੱਖ-ਇਤਿਹਾਸ ਦੱਸਦਾ ਹੈ ਕਿ ਕਿਸੇ ਚੀਜ਼ ਦੀ ਪ੍ਰਾਪਤੀ ਕੁਰਬਾਨੀ ਤੋਂ ਬਿਨਾਂ ਨਹੀਂ ਹੁੰਦੀ ਅਤੇ ਕੁਰਬਾਨੀ ਜਿਤਨੀ ਵੱਡੀ ਹੋਵੇਗੀ ਉਸ ਤੋਂ ਮਗਰੋਂ ਕਾਮਯਾਬੀ ਵੀ ਉਤਨੀ ਹੀ ਵੱਡੀ ਹੋਵੇਗੀ।

# ਗੁਰਦੁਆਰਿਆਂ ਸੰਬੰਧੀ ਖ਼ਾਲਸਾਈ ਕਰਤੱਵ

ਸਿੱਖ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਕ ਜੀਵਨ ਹੈ ਅਤੇ ਭਾਈਚਾਰਕ ਜਾਂ ਵਿਹਾਰਕ ਜੀਵਨ ਇਸ ਤੋਂ ਮਗਰੋਂ ਹੈ। ਕੋਈ ਲਾਲਚ, ਰੋਹਬ ਜਾਂ ਡਰ ਸਿੱਖ ਨੂੰ ਆਪਣੇ ਧਾਰਮਕ ਜੀਵਨ ਤੋਂ ਟਾਲ ਨਹੀਂ ਸਕਦਾ। ਸਿੱਖਾਂ ਦਾ ਇਹ ਨਿਸਚਾ ਹੈ ਕਿ ਧਰਮ ਖਾਤਰ ਜਿਤਨੇ ਦੁੱਖ ਸਹਾਰੇ ਜਾਣ ਉਤਨੇ ਹੀ ਧੰਨਭਾਗ ਹਨ। ਸਿੱਖ ਦੀ ਸਭ ਤੋਂ ਵੱਡੀ ਲਾਲਸਾ ਸਤਿਗੁਰ ਜੀ ਦੇ ਚਰਨਾਂ ਵਿਚ ਅੱਪੜਨ ਦੀ ਹੈ ਅਤੇ ਇਹ ਸਿੱਖਾਂ ਦਾ ਨਿਸਚਾ ਹੈ ਕਿ ਧਰਮ ਖਾਤਰ ਦੁੱਖ ਸਹਾਰਨ ਨਾਲ ਸਤਿਗੁਰ ਜੀ ਦੇ ਚਰਨਾਂ ਦੀ ਸਮੀਪਤਾ ਛੇਤੀ ਪ੍ਰਾਪਤ ਹੁੰਦੀ ਹੈ। ਐਥੋਂ ਤੀਕ ਕਿ ਜੋ ਸਿੱਖ, ਧਰਮ ਖਾਤਰ ਸੀਸ ਦੇਂਦੇ ਹਨ; ਉਹ ਸਿੱਧੇ ਹੀ ਸਤਿਗੁਰ ਜੀ ਦੇ ਦਰਬਾਰ ਵਿਚ ਜਾਂਦੇ ਹਨ।

ਸਿੱਖਾਂ ਨੂੰ ਸਵਰਗ ਦਾ ਲਾਲਚ ਨਹੀਂ, ਸਿੱਖਾਂ ਨੂੰ ਮੁਕਤੀ ਦਾ ਲਾਲਚ ਨਹੀਂ। ਲਾਲਚ ਹੈ ਤਾਂ ਕੇਵਲ ਇਹ ਕਿ ਇਸ ਸਰੀਰ ਨੂੰ ਛੱਡ ਕੇ ਸਤਿਗੁਰ ਜੀ ਦੇ ਚਰਨਾਂ ਵਿਚ ਨਿਵਾਸ ਮਿਲੇ। ਸਿੱਖ ਇਸੇ ਖ਼ਾਤਰ ਨਿਤਨੇਮ ਕਰਦਾ, ਧਰਮ ਦੀ ਕਿਰਤ ਕਮਾਉਂਦਾ, ਵੰਡ ਛਕਦਾ ਅਤੇ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਇਸ ਦੁਨੀਆਂ ਦੇ ਅਨੇਕਾਂ ਕੁਕਰਮਾਂ ਤੋਂ ਬਚਦਾ ਹੈ। ਇਤਨਾ ਕੁਝ ਕਰ ਕੇ ਵੀ ਸਿੱਖ ਇਹ ਨਹੀਂ ਸਮਝਦਾ ਕਿ ਮੈਂ ਜ਼ਰੂਰ ਹੀ ਸਤਿਗੁਰ ਜੀ ਦੀ ਹਜ਼ੂਰੀ ਵਿਚ ਪੁੱਜ ਪਵਾਂਗਾ, ਸਗੋਂ ਉਸ ਦਾ ਨਿਸਚਾ ਹੈ ਕਿ-

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥
ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥

*(ਗਉੜੀ ਬਾਵਨ ਅਖਰੀ, ਮ: ੫, ਪੰਨਾ ੨੬੧)*

ਪਰ ਹਰ ਇੱਕ ਸਿੱਖ ਦਾ ਇਹ ਪੱਕਾ ਨਿਸਚਾ ਹੈ ਕਿ ਜੇਕਰ ਧਰਮ ਖਾਤਰ ਸੀਸ ਲੱਗ ਜਾਵੇ, ਧਰਮ ਖਾਤਰ ਦੁੱਖ ਸਹਾਰੇ ਜਾਣ ਤਾਂ ਕਿਸੇ ਲੇਖੇ ਦੀ ਲੋੜ ਨਹੀਂ, ਸਿੱਖ ਸਿੱਧਾ ਹੀ ਗੁਰੂ ਦੀ ਦਰਗਾਹ ਵਿਚ ਪਹੁੰਚ ਜਾਂਦਾ ਹੈ। ਹਰ

ਇਕ ਸਿੱਖ ਦੀਆਂ ਅੱਖਾਂ ਸਾਹਮਣੇ ਇਕ ਨਜ਼ਾਰਾ ਹੈ। ਉਹ ਇਹ ਕਿ ਕਲਗੀਧਰ ਜੀ ਦਾ ਦਰਬਾਰ ਲੱਗਾ ਹੋਇਆ ਵੇਖਦਾ ਹੈ, ਚਾਰੇ ਸਾਹਿਬਜ਼ਾਦੇ ਹਾਜ਼ਰ ਹਨ, ਜਿਨ੍ਹਾਂ ਦੇ ਪਿੱਛੇ ਭਾਈ ਮਨੀ ਸਿੰਘ ਜੀ ਖੜ੍ਹੇ ਹਨ। ਮਸਨਦ ਦੇ ਪਾਸ ਹੀ ਪੰਜ ਪਿਆਰੇ ਬੈਠੇ ਹਨ ਅਤੇ ਸਤਿਗੁਰੂ ਜੀ ਦੇ ਸਾਹਮਣੇ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਸ਼ਹੀਦ ਸਿੰਘ ਬੈਠੇ ਹਨ। ਇਸ ਦਰਬਾਰ ਦੀ ਸ਼ੋਭਾ ਐਸੀ ਖਿੱਚ ਵਾਲੀ ਹੈ ਕਿ ਹਰ ਇਕ ਸਿੱਖ ਦਾ ਦਿਲ ਓਥੇ ਪੁੱਜਣ ਨੂੰ ਲੋਚਦਾ ਹੈ।

ਇਸ ਦਰਬਾਰ ਵਿਚ ਹਰ ਕੋਈ ਨਹੀਂ ਪੁੱਜ ਸਕਦਾ। ਦੁਨੀਆਂ ਵਿਚ ਰਹਿ ਕੇ ਕੋਈ ਆਦਮੀ ਪੂਰਾ ਨਹੀਂ ਉਤਰ ਸਕਦਾ। ਪੂਰੇ ਤੋਂ ਬਿਨਾਂ ਇਥੇ ਜਾਣ ਦੀ ਆਗਿਆ ਨਹੀਂ, ਪਰ ਜੋ ਜ਼ੁਲਮ ਖ਼ਾਤਰ ਕੁਰਬਾਨੀ ਕਰਦਾ ਹੈ ਉਹ ਇਸ ਦਰਬਾਰ ਵਿਚ ਸਿੱਧਾ ਜਾਂਦਾ ਹੈ। ਸਿੱਖਾਂ ਵਿਚ ਕੁਰਬਾਨੀ ਦਾ ਮਾਦਾ ਸਭ ਨਾਲੋਂ ਵਧੀਕ ਕਿਉਂ ਹੈ? ਸਿੱਖ ਧਰਮ ਖ਼ਾਤਰ, ਇੰਨੀ ਛੇਤੀ ਜਾਨਾਂ ਵਾਰਨ ਨੂੰ ਕਿਉਂ ਤਿਆਰ ਹੋ ਜਾਂਦੇ ਹਨ? ਕੇਵਲ ਇਸ ਕਰਕੇ ਕਿ ਐਸਾ ਕਰਨਾ ਸਤਿਗੁਰ ਦੇ ਦਰਬਾਰ ਵਿਚ ਪੁੱਜਣ ਦਾ ਸੁਖਾਲਾ ਵਸੀਲਾ ਹੈ।

ਧਰਮ ਖਾਤਰ ਸੀਸ ਦੇਣ ਦਾ ਜਦ ਸਮਾਂ ਆਵੇ ਤਾਂ ਸਿੱਖਾਂ ਨੂੰ ਚਾਉ ਚੜ੍ਹ ਜਾਂਦਾ ਹੈ। ਐਸੀ ਸੂਰਤ ਵਿਚ ਉਹ ਹਾਨ-ਲਾਭ ਨਹੀਂ ਵਿਚਾਰਦੇ, ਕੁਝ ਅੱਗਾ-ਪਿੱਛਾ ਨਹੀਂ ਸੋਚਦੇ, ਹਰ ਇਕ ਸਿੱਖ ਦੀ ਇਹੋ ਚਾਹਨਾਂ ਹੁੰਦੀ ਹੈ ਕਿ ਸਭ ਤੋਂ ਪਹਿਲਾਂ ਉਸ ਦਾ ਸੀਸ ਲੱਗੇ। ਉਸ ਨੂੰ ਇਹ ਦੁਨੀਆਂ ਨਜ਼ਰ ਨਹੀਂ ਆਉਂਦੀ ਹੁੰਦੀ, ਉਸ ਨੂੰ ਸਤਿਗੁਰੂ ਜੀ ਦਾ ਦਰਬਾਰ ਦਿੱਸਦਾ ਹੁੰਦਾ ਹੈ। ਉਹ ਇਸ ਦਰਬਾਰ ਵਿਚ ਪੁੱਜਣ ਲਈ ਕਾਹਲਾ ਹੁੰਦਾ ਹੈ। ਇਸੇ ਲਈ ਸਭ ਤੋਂ ਪਹਿਲਾਂ ਸਿਰ ਵਾਰਦਾ ਹੈ।

ਜਦ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਦੀ ਖ਼ਬਰ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਦਮਦਮੇ ਸਾਹਿਬ ਸੁਣੀ ਤਾਂ ਆਪ ਇਕੱਲੇ ਹੀ ਤੁਰ ਪਏ। ਆਪ ਚੰਗੀ ਤਰ੍ਹਾਂ ਜਾਣਦੇ ਸਨ ਕਿ ਅਸੀਂ ਇਕੱਲੇ ਕੁਝ ਨਹੀਂ ਕਰ ਸਕਾਂਗੇ, ਪਰ ਉਨ੍ਹਾਂ ਦਾ ਮਨੋਰਥ ਐਸੀਆਂ ਗਿਣਤੀਆਂ ਵਿਚ ਪੈਣ ਦਾ ਨਹੀਂ ਸੀ। ਉਨ੍ਹਾਂ ਨੇ ਸ੍ਰੀ ਹਰਿਮੰਦਰ ਖ਼ਾਤਰ ਸ਼ਹੀਦ ਹੋਣਾ ਸੀ। ਆਪ ਤੁਰ ਪਏ ਅਤੇ ਜਿਉਂ-ਜਿਉਂ ਖ਼ਬਰ ਹੁੰਦੀ ਗਈ ਸਿੰਘ ਆਪ ਨਾਲ ਰਲਦੇ ਗਏ ਅਤੇ ਅੰਤ ਨੂੰ ਸਾਰੇ ਸਿੰਘ ਸ੍ਰੀ ਹਰਿਮੰਦਰ ਜੀ ਦੀ ਜੂਹ ਵਿਚ ਪਹੁੰਚ ਸ਼ਹੀਦ ਹੋ ਗਏ।

ਅਹਿਮਦ ਸ਼ਾਹ ਅਬਦਾਲੀ ਤੀਹ ਹਜ਼ਾਰ ਪਠਾਣ ਲਈ ਆ ਰਿਹਾ ਹੈ ਅਤੇ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਕੇਵਲ ਤੀਹਾਂ ਸਿੰਘਾਂ ਨਾਲ ਸ੍ਰੀ ਹਰਿਮੰਦਰ ਜੀ ਦੀ ਰਾਖੀ ਲਈ ਬੈਠੇ ਹਨ। ਜਿਉਂ-ਜਿਉਂ ਸ਼ਹੀਦੀ ਦਾ ਸਮਾਂ ਨੇੜੇ ਆਉਂਦਾ ਹੈ ਤਿਉਂ-ਤਿਉਂ ਪ੍ਰਸੰਨ ਹੁੰਦੇ ਹਨ। ਗਿਲਜ਼ੇ ਆਉਂਦੇ ਹਨ, ਲੜਾਈ ਹੁੰਦੀ ਹੈ ਅਤੇ ਸਾਰੇ ਸਿੰਘ ਸ਼ਹੀਦ ਹੋ ਜਾਂਦੇ ਹਨ। ਉਨ੍ਹਾਂ ਨੂੰ ਪਤਾ ਸੀ ਕਿ ਅਸੀਂ ਇਸ ਫ਼ੌਜ ਨੂੰ ਰੋਕ ਨਹੀਂ ਸਕਾਂਗੇ। ਉਹ ਜਾਣਦੇ ਸਨ ਕਿ ਜੇਕਰ ਝਾੜਾਂ ਵਿਚ ਲੁਕ ਜਾਈਏ ਤਾਂ ਜਾਨਾਂ ਬਚ ਸਕਦੀਆਂ ਹਨ, ਪਰ ਉਨ੍ਹਾਂ ਦਾ ਮਨੋਭਾਵ ਜਾਨਾਂ ਬਚਾਉਣੀਆਂ ਜਾਂ ਫੌਜ ਰੋਕਣਾ ਨਹੀਂ ਸੀ। ਉਹ ਸਮਝਦੇ ਸਨ ਕਿ ਭਾਗਾਂ ਨਾਲ ਇਹ ਸੁਭਾਗ ਸਮਾਂ ਹੱਥ ਆਇਆ ਹੈ, ਅਸਾਂ ਸ਼ਹੀਦ ਹੋਣਾ ਅਤੇ ਸਤਿਗੁਰੂ ਦੇ ਹਜ਼ੂਰ ਪੁੱਜਣਾ ਹੈ।

ਚੇਤੇ ਰਹੇ, ਸਿੱਖ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਕ ਜੀਵਨ ਹੈ। ਧਰਮ ਖ਼ਾਤਰ ਸਿੱਖ ਸਭ ਕੁਝ ਵਾਰ ਸਕਦਾ ਹੈ। ਜਾਨ, ਮਾਲ, ਇੱਜ਼ਤ-ਆਬਰੂ ਅਤੇ ਆਪਣਾ ਸਭ ਕੁਝ ਧਰਮ ਖ਼ਾਤਰ ਵਾਰਨ ਨੂੰ ਸਿੱਖ ਆਪਣੇ ਧੰਨ-ਭਾਗ ਸਮਝਦਾ ਹੈ। ਸਿੱਖ, ਬਾਣੀਆਂ ਵਾਲੇ ਲੇਖੇ ਨਹੀਂ ਕਰਦਾ, ਹਟਵਾਣੀਆਂ ਵਾਲੇ ਵਾਧੇ-ਘਾਟੇ ਨਹੀਂ ਸੋਚਦਾ, ਉਹ ਧਰਮ ਖ਼ਾਤਰ ਕੁਰਬਾਨੀ ਕਰਨੀ ਚਾਹੁੰਦਾ ਹੈ ਅਤੇ ਬਸ !

ਗੁਰਦੁਆਰੇ ਸਿੱਖੀ ਦਾ ਇਕ ਧਾਰਮਿਕ ਅੰਗ ਹਨ। ਸਿੱਖ ਆਪਣੇ ਗੁਰਦੁਆਰਿਆਂ ਦੀ ਬੇਅਦਬੀ ਹੁੰਦੀ ਨਹੀਂ ਵੇਖ ਸਕਦਾ। ਖਾਨ ਬਹਾਦਰ ਨੇ ਮਾਝੇ ਵਿੱਚੋਂ ਸਿੰਘਾਂ ਨੂੰ ਕੱਢ ਦਿੱਤਾ ਅਤੇ ਮੰਡਿਆਲੀ ਦਾ ਮੱਸਾ ਰੰਘੜ ਸ੍ਰੀ ਅੰਮ੍ਰਿਤਸਰ ਜੀ ਦਾ ਮਾਲਕ ਬਣ ਬੈਠਾ। ਉਹ ਸ੍ਰੀ ਹਰਿਮੰਦਰ ਵਿਚ ਬੈਠ ਕੇ ਸ਼ਰਾਬ ਪੀਂਦਾ ਅਤੇ ਕੰਜਰੀਆਂ ਦੇ ਮੁਜਰੇ ਕਰਾਉਂਦਾ। ਸਿੰਘ ਬਿਪਤਾ ਦੇ ਮਾਰੇ ਦੂਰ-ਦੂਰ ਚਲੇ ਗਏ ਸਨ ਓਥੇ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਸ੍ਰੀ ਹਰਿਮੰਦਰ ਜੀ ਦੀ ਐਸੀ ਬੇਅਦਬੀ ਹੋ ਰਹੀ ਹੈ।

ਇਕ ਸਿੰਘ ਜੈਪੁਰ ਪੁੱਜਾ ਅਤੇ ਭਾਈ ਮਹਿਤਾਬ ਸਿੰਘ ਮੀਰਾਂ ਕੋਟੀਏ ਨੂੰ ਇਹ ਦੁੱਖ ਭਰੀ ਵਾਰਤਾ ਜਾ ਸੁਣਾਈ। ਗੁਰਦੁਆਰੇ ਦੀ ਬੇਅਦਬੀ ਸੁਣ ਕੇ ਸਿੰਘ ਦਾ ਕਾਲਜਾ ਛਾਨਣੀ-ਛਾਨਣੀ ਹੋ ਗਿਆ। ਉਸ ਨੇ ਕਾਹਲੀ ਨਾਲ ਪੁੱਛਿਆ- ਕੀ ਓਥੇ ਕੋਈ ਸਿੰਘ ਨਹੀਂ ਸੀ ਜੋ ਆਪਣਾ ਸੀਸ ਵਾਰ ਦੇਂਦਾ?

ਉਸ ਰਾਹੀ ਨੇ ਸਹਿਜ ਨਾਲ ਉੱਤਰ ਦਿੱਤਾ ਕਿ ਆਪ ਵੀ ਤਾਂ ਸਿੰਘ ਹੀ ਹੋ, ਜੇਕਰ ਆਪ ਜਾਨ ਬਚਾਉਂਦੇ ਫਿਰਦੇ ਹੋ, ਇਸੇ ਤਰ੍ਹਾਂ ਹੋਰ ਸਿੰਘ ਵੀ ਲੁਕੇ ਫਿਰਦੇ ਹਨ, ਸੀਸ ਵਾਰੇ, ਤਾਂ ਕੌਣ ਵਾਰੇ?

ਭਾਈ ਮਹਿਤਾਬ ਸਿੰਘ ਨੇ ਉਸੇ ਵੇਲੇ ਕਮਰ-ਕੱਸਾ ਕਰ ਲਿਆ ਅਤੇ ਧਾਰ ਲਿਆ ਕਿ ਜਾਂ ਤਾਂ ਸੀਸ ਵਾਰ ਦੇਣਾ ਹੈ ਜਾਂ ਮੱਸੇ ਦਾ ਸਿਰ ਲਾਹ ਦੇਣਾ ਹੈ। ਆਪ ਦੇ ਨਾਲ ਭਾਈ ਸੁੱਖਾ ਸਿੰਘ ਮਾੜੀ ਕੰਬੋ ਵਾਲਾ ਭੀ ਰਲ ਪਿਆ ਅਤੇ ਦੋਹਾਂ ਸੂਰਮਿਆਂ ਨੇ ਸ੍ਰੀ ਅੰਮ੍ਰਿਤਸਰ ਜੀ ਆ ਕੇ ਸ੍ਰੀ ਹਰਿਮੰਦਰ ਜੀ ਵਿੱਚੋਂ ਮੱਸੇ ਰੰਘੜ ਦਾ ਸਿਰ ਵੱਢ ਲਿਆ।

ਮੀਰ ਮਨੂੰ ਦਾ ਸਮਾਂ ਸੀ ਅਤੇ ਸਿੰਘਾਂ ਉੱਤੇ ਕਹਿਰ ਦੀ ਹਵਾ ਝੁੱਲ ਰਹੀ ਸੀ, ਜਦ ਨਾਸਰ ਅਲੀ ਤੇ ਜਲੰਧਰ ਦੇ ਹੋਰ ਪਠਾਣਾਂ ਨੇ ਰਲ ਕੇ ਕਰਤਾਰਪੁਰ ਦੇ ਗੁਰਦੁਆਰੇ ਦੀ ਬੇਅਦਬੀ ਜਾ ਕੀਤੀ ਅਤੇ ਥੰਮ੍ਹ ਸਾਹਿਬ ਨੂੰ ਸਾੜ ਕੇ ਉੱਤੇ ਗਊਆਂ ਦਾ ਖੂਨ ਡੋਲ੍ਹਿਆ। ਸਿੰਘ ਲਾਚਾਰ ਸਨ, ਖਿੰਡੇ-ਪੁੰਡੇ ਸਨ, ਇਸ ਲਈ ਕਰ ਕੁਝ ਨਹੀਂ ਸਕਦੇ ਸਨ। ਓਦੋਂ ਹੀ ਮੀਰ-ਮਨੂੰ ਮਰ ਗਿਆ ਅਤੇ ਫਿਰ ਛੇਤੀ ਹੀ ਅਹਿਮਦਸ਼ਾਹ ਅਬਦਾਲੀ ਇਧਰ ਆ ਗਿਆ। ਸਿੰਘਾਂ ਦਾ ਗੁੱਸਾ ਜਲੰਧਰ ਦੇ ਪਠਾਣਾਂ ਉੱਤੇ ਸੀ ਪਰ ਜਲੰਧਰ ਨੂੰ ਸੋਧਣਾ ਕੋਈ ਸੁਖਾਲਾ ਜਿਹਾ ਕੰਮ ਨਹੀਂ ਸੀ, ਕਿਉਂ ਜੋ ਇਥੇ ਬਹੁਤ ਸਾਰੀ ਦੂਰਾਨੀ ਫੌਜ ਸੀ।

ਸੋਢੀ ਵਡਭਾਗ ਸਿੰਘ ਜੀ ਨੇ ਸਿੰਘਾਂ ਨੂੰ ਹੱਲਾ-ਸ਼ੇਰੀ ਦਿੱਤੀ ਅਤੇ ਅਦੀਨਾ ਬੇਗ ਭੀ ਇਨ੍ਹਾਂ ਦੇ ਨਾਲ ਰਲ ਗਿਆ। ਗਿਲਜ਼ਿਆਂ ਨਾਲ ਟਾਕਰਾ ਹੋਇਆ ਅਤੇ ਜਿੱਤ ਸਿੰਘਾਂ ਦੀ ਹੋਈ। ਹੁਣ ਸਿੰਘਾਂ ਨੂੰ ਰੋਕਣ ਵਾਲਾ ਕੌਣ ਸੀ, ਸਿੱਧੇ ਜਲੰਧਰ ਅੱਪੜੇ ਅਤੇ ਪਠਾਣਾਂ ਦੀ ਉਹ ਬਾਬ ਕੀਤੀ ਕਿ ਮੁੜ ਉਨ੍ਹਾਂ ਨੂੰ ਤਾਬ ਨਾ ਆਈ।

ਇਸ ਸਮੇਂ (ਸੰਮਤ ੧੮੧੪) ਲਾਹੌਰ ਦਾ ਹਾਕਮ ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ ਤੈਮੂਰ ਸ਼ਾਹ ਸੀ। ਇਹ ਸਿੰਘਾਂ ਪਾਸੋਂ ਇਸ ਭਾਂਜ ਦਾ ਬਦਲਾ ਤਾਂ ਨਾ ਲੈ ਸਕਿਆ ਪਰ ਆਪਣਾ ਗੁੱਸਾ ਮੱਠਾ ਕਰਨ ਲਈ ਸ੍ਰੀ ਹਰਿਮੰਦਰ ਜੀ ਦੇ ਸਰੋਵਰ ਨੂੰ ਮਿੱਟੀ ਨਾਲ ਭਰਵਾ ਦਿੱਤਾ ਅਤੇ ਹੋਰ ਕਈ ਤਰ੍ਹਾਂ ਦੀ ਬੇਅਦਬੀ ਕੀਤੀ। ਜਦ ਇਹ ਖ਼ਬਰ ਦਮਦਮੇ ਸਾਹਿਬ ਪੁੱਜੀ ਤਾਂ ਸ਼ਹੀਦ ਬਾਬਾ ਦੀਪ ਸਿੰਘ ਜੀ ਇਕੱਲੇ ਹੀ ਕਮਰ-ਕੱਸਾ ਕਰ ਕੇ ਤੁਰ ਪਏ।

ਰਾਹ ਵਿਚ ਖ਼ਾਲਸੇ ਆਪ ਨਾਲ ਰਲਦੇ ਤਾਂ ਗਏ, ਪਰ ਆਪ ਸ਼ਹੀਦੀ ਦੇ ਚਾਉ ਵਿਚ ਐਸੇ ਤਿੱਖੇ ਆ ਰਹੇ ਸਨ ਕਿ ਆਪ ਨਾਲ ਪੰਜ ਸੌ ਤੋਂ ਵੱਧ ਸਿੰਘ ਨਾ ਰਲ ਸਕੇ। ਸ੍ਰੀ ਅੰਮ੍ਰਿਤਸਰ ਜੀ ਗਿਲਜ਼ਿਆਂ ਦੀ ਬਹੁਤ ਫ਼ੌਜ ਪਈ ਸੀ, ਆਹਮੋ-ਸਾਹਮਣੇ ਟਾਕਰਾ ਹੋਇਆ, ਸਾਰੇ ਸਿੰਘ ਗੁਰਦੁਆਰੇ ਦੀ ਜੂਹ ਵਿਚ ਤੇ ਗੁਰਦੁਆਰੇ ਦੇ ਸਾਹਮਣੇ ਸ਼ਹੀਦ ਹੋ ਗਏ ਅਤੇ ਦੱਸ ਦਿੱਤਾ ਕਿ ਸਿੰਘਾਂ ਵਿਚ ਗੁਰਦੁਆਰਿਆਂ ਸੰਬੰਧੀ ਇਤਨੀ ਕੁ ਅਣਖ ਹੈ।

ਜਦ ਇਸ ਸਾਕੇ ਦੀ ਖ਼ਬਰ ਖ਼ਾਲਸੇ ਨੂੰ ਲੱਗੀ ਤਾਂ ਝਾੜ-ਝਾੜ ਵਿੱਚੋਂ ਖ਼ਾਲਸਾ ਨਿਕਲ ਆਇਆ। ਪਠਾਣਾਂ ਲਈ ਹੁਣ ਲਾਹੌਰ ਤੋਂ ਉਰੇ ਕੋਈ ਪਨਾਹ ਨਹੀਂ ਸੀ। ਸਿੰਘ ਜੋਸ਼ ਵਿਚ ਆਏ ਹੋਏ ਸਨ ਅਤੇ ਗੁਰਦੁਆਰੇ ਦੀ ਬੇਅਦਬੀ ਤੇ ਸ਼ਹੀਦਾਂ ਦਾ ਸਾਕਾ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਸੀ, ਮਰਨ-ਮਾਰਨ ਨੂੰ ਤਿਆਰ ਸਨ। ਅੰਤ ਪਠਾਣਾਂ ਨੇ ਟਾਕਰਾ ਕੀਤਾ, ਬਥੇਰਾ ਲੜੇ, ਪਰ ਭਾਂਜ ਖਾਧੀ ਅਤੇ ਲਾਹੌਰ ਉੱਤੇ ਖਾਲਸਾ ਜੀ ਦਾ ਕਬਜ਼ਾ ਹੋ ਗਿਆ। ਇਹ ਗੱਲ ਸੰਮਤ ੧੮੧੪ ਬਿ: ਦੀ ਹੈ।

ਗੁਰਦੁਆਰੇ ਦੀ ਕੀਤੀ ਗਈ ਬੇਅਦਬੀ ਨੇ ਸਿੰਘਾਂ ਵਿਚ ਅਥਾਹ ਜੋਸ਼ ਪੈਦਾ ਕਰ ਦਿੱਤਾ। ਹੁਣ ਸਿੰਘ ਸ਼ਹੀਦ ਹੋਣ ਨੂੰ ਤਿਆਰ ਹਨ। ਇਸ ਤੋਂ ਚਾਰ ਸਾਲ ਮਗਰੋਂ ਜਦ ਵੱਡੇ ਘੱਲੂਘਾਰੇ ਤੋਂ ਮੁੜਦਿਆਂ ਹੋਇਆਂ ਅਹਿਮਦਸ਼ਾਹ ਅਬਦਾਲੀ ਨੇ ਬਰੂਦ ਨਾਲ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ਨੂੰ ਉਡਾ ਦਿੱਤਾ ਅਤੇ ਗੁਰਦੁਆਰੇ ਦੀ ਫੇਰ ਬੇਅਦਬੀ ਕੀਤੀ ਤਾਂ ਸਿੰਘਾਂ ਨੇ ਜੋਸ਼ ਵਿਚ ਆ ਕੇ ਕਸੂਰ ਅਤੇ ਸਰਹਿੰਦ ਜਹੇ ਤੁਰਕਾਨੀ ਅੱਡਿਆਂ ਨੂੰ ਸਹਿਜ ਨਾਲ ਹੀ ਲੈ ਲਿਆ। ਖ਼ਾਲਸਾਈ ਖ਼ੂਨ ਨੂੰ ਕੋਈ ਗੱਲ ਇੰਨੀ ਛੇਤੀ ਜੋਸ਼ ਵਿਚ ਨਹੀਂ ਲਿਆਉਂਦੀ, ਜਿੱਡੀ ਛੇਤੀ ਕਿ ਗੁਰਦੁਆਰਿਆਂ ਦੀ ਬੇਅਦਬੀ ਦੀ ਖ਼ਬਰ ਅਤੇ ਕੁਰਬਾਨੀ ਕਰਨ ਲਈ ਖ਼ਾਲਸਾ ਇਤਨਾ ਕਾਹਲਾ ਕਦੇ ਨਹੀਂ ਹੋਇਆ ਜਿਤਨਾ ਕਿ ਗੁਰਦੁਆਰਿਆਂ ਦੀ ਖ਼ਾਤਰ।

# ਮਿਲਵਰਤਨ ਤੇ ਨਾ-ਮਿਲਵਰਤਨ

ਸਿੱਖੀ ਦਾ ਜੀਵਨ ਸਭ ਤੋਂ ਪਹਿਲਾਂ ਧਾਰਮਕ ਜੀਵਨ ਹੈ, ਹੋਰ ਸਭ ਕੁਝ ਇਸ ਤੋਂ ਪਿੱਛੇ ਹੈ। ਜਦ ਧਰਮ ਨੂੰ ਬਿਪਤਾ ਆਵੇਗੀ, ਤਾਂ ਨਰਮ ਤੋਂ ਨਰਮ ਸਿੱਖ ਵੀ ਕੁਰਬਾਨੀ ਲਈ ਤਿਆਰ ਹੋ ਜਾਵੇਗਾ। ਮਿਲਵਰਤਨ ਜਾਂ ਨਾ-ਮਿਲਵਰਤਨ ਇਹ ਦੁਨੀਆਂਦਾਰੀ ਦੇ ਭੇਦ ਹਨ। ਜਿੱਥੇ ਦੁਨੀਆਂਦਾਰੀ ਦਾ ਸੰਬੰਧ ਹੈ ਉੱਤੇ ਇਕ ਸਿੱਖ ਮਿਲਵਰਤਨੀਆ ਹੈ ਅਤੇ ਦੂਜਾ ਨਾ-ਮਿਲਵਰਤਨੀਆ। ਪਰ ਜਿੱਥੇ ਧਰਮ ਦੀ ਆਨ-ਸ਼ਾਨ ਨੂੰ ਸੰਕਟ ਹੈ, ਉੱਤੇ ਮਿਲਵਰਤਨੀਆ ਕੀ ਤੇ ਨਾ-ਮਿਲਵਰਤਨੀਆ ਕੀ, ਦੋਵੇਂ ਹੀ ਕੁਰਬਾਨੀ ਲਈ ਇੱਕੋ ਜਿਹੇ ਕਾਹਲੇ ਹਨ।

ਪੱਟੀ ਨੂੰ ਅੱਜ ਤੀਕ ਨੌਂ-ਲੱਖੀ ਪੱਟੀ ਆਖਦੇ ਹਨ। ਇਥੇ ਨੌਂ ਲੱਖ ਰੁਪਿਆ ਸਾਲ ਦਾ ਮਾਮਲਾ ਉਗਰਦਾ ਹੁੰਦਾ ਸੀ ਅਤੇ ਇਹ ਸਾਰਾ ਇਲਾਕਾ ਤਿੰਨ ਚੌਧਰੀਆਂ ਦੇ ਅਜਾਰੇ ਵਿਚ ਹੁੰਦਾ ਸੀ। ਨੁਸ਼ਹਿਰਾ ਪਨੂੰਆਂ ਦਾ, ਨੁਸ਼ਹਿਰਾ ਢਾਲਾ ਅਤੇ ਝਬਾਲ। ਝਬਾਲ ਦਾ ਚੌਧਰੀ ਲੰਗਾਹ ਸੀ, ਜੋ ਪੰਚਮ ਪਾਤਸ਼ਾਹ ਜੀ ਦੇ ਸਮੇਂ ਗੁਰੂ ਕਾ ਸਿੱਖ ਹੋਇਆ ਅਤੇ ਐਸੀ ਸਿੱਖੀ ਪਾਲੀ ਕਿ ਭਾਈ ਗੁਰਦਾਸ ਜੀ ਨੇ ਭੀ ਸਾਖ ਭਰੀ:

'ਪਟੀ ਅੰਦਰਿ ਚਉਧਰੀ ਢਿਲੋ ਲਾਲੁ ਲੰਗਾਹੁ ਸੁਹੰਦਾ।' *(ਵਾਰ ੧੧:੨੨)*

ਇਹ ਘਰਾਣਾ ਐਸਾ ਮਿਲਵਰਤਨੀਆ ਸੀ ਕਿ ਉਸ ਸਮੇਂ ਢਿੱਲੋਂ ਅਤੇ ਚੁਗੱਤੇ ਦੇ ਇਕ ਅਰਥ ਲਏਂ ਜਾਂਦੇ ਸਨ। ਨਾਮ ਅਤੇ ਪਹਿਰਾਵੇ ਵਿਚ ਭੀ ਇਹ ਚੁਗੱਤੇ ਬਣ ਗਏ ਸਨ। ਅੱਬੁਲ ਖ਼ੈਰ ਦਾ ਪੁੱਤਰ ਲੰਗਾਹ ਸੀ ਅਤੇ ਲੰਗਾਹ ਦਾ ਪੁੱਤਰ ਸਕੰਦਰ ਤੇ ਇਕ ਲੜਕੀ ਉਮਰੀ ਸੀ ਅਤੇ ਸਕੰਦਰ ਦਾ ਪੁੱਤਰ ਮੁਬਾਰਕ (ਇਹ ਸਭ ਮੁਸਲਮਾਨੀ ਨਾਮ ਹਨ) ਲੰਗਾਹ ਤਿੰਨ ਲੱਖ ਦਾ ਅਜਾਰੇਦਾਰ ਸੀ ਅਤੇ ੮੪ ਪਿੰਡ ਆਪਨੀ ਮਲਕੀਅਤ ਦੇ ਰੱਖਦਾ ਸੀ। ਝਬਾਲ ਦੇ ਉਦਾਲੇ-ਉਦਾਲੇ ਸ਼ਾਹੀ ਸੜਕ ਉੱਤੇ ਇਸ ਦਾ ਇਲਾਕਾ ਸੀ।

ਜਹਾਂਗੀਰ ਸੰਮਤ ੧੬੮੪ ਵਿਚ ਕਸ਼ਮੀਰੋਂ ਆਉਂਦਾ, ਮਰ ਗਿਆ ਅਤੇ ਦੇਸ਼ ਵਿਚ ਰਾਜ-ਰੌਲਾ ਪੈ ਗਿਆ। ਸ਼ਾਹੀ ਸੈਨਾ ਦਿੱਲੀ ਨੂੰ ਚਲੀ ਗਈ ਅਤੇ ਪੰਜਾਬ ਵਿਚ ਸਮੇਂ ਦੇ ਹਾਕਮਾਂ ਦੀ ਚੜ੍ਹ ਮੱਚੀ, ਕਿਉਂ ਜੁ ਅਜੇ ਤੀਕ ਸ਼ਾਹਜਹਾਂ ਦੱਖਣ ਵੱਲੋਂ ਆ ਕੇ ਬਾਦਸ਼ਾਹ ਨਹੀਂ ਬਣਿਆ ਸੀ। ਸਥਾਨਕ ਹਾਕਮਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਜੀ ਨਾਲ ਵੈਰ ਸੀ, ਸੋ ਉਨ੍ਹਾਂ ਨੇ ਐਵੇਂ ਹੀ ਲੜਾਈ ਦਾ ਬਹਾਨਾ ਬਣਾ ਲਿਆ ਅਤੇ ਸ੍ਰੀ ਅੰਮ੍ਰਿਤਸਰ ਜੀ ਉੱਤੇ ਫੌਜ ਝੋਕ ਦਿੱਤੀ। ਗੁਰੂ ਹਰਿਗੋਬਿੰਦ ਸਾਹਿਬ ਲੜੇ ਅਤੇ ਤਿੰਨ ਵਾਰ ਤੁਰਕਾਨੀ ਸੈਨਾ ਨੂੰ ਭਜਾਇਆ।

ਇਸ ਸਮੇਂ ਬੀਬੀ ਵੀਰੋ ਜੀ ਦਾ ਅਨੰਦ ਕਾਰਜ ਹੋਣਾ ਸੀ। ਸ੍ਰੀ ਗੁਰੂ ਜੀ ਲੜ ਰਹੇ ਸਨ ਅਤੇ ਓਧਰੋਂ ਜੰਞ ਆ ਰਹੀ ਸੀ। ਸਤਿਗੁਰ ਜੀ ਨੇ ਆਪਣੇ ਮਹਿਲ ਤੇ ਬੀਬੀ ਜੀ ਝਬਾਲ ਘਲਵਾ ਦਿੱਤੇ ਤੇ ਜੰਞ ਨੂੰ ਅਖਵਾ ਘੱਲਿਆ ਕਿ ਝਬਾਲ ਨੂੰ ਜਾਵੇ। ਸੂਰਜ ਡੁੱਬਦਿਆਂ ਜੰਗ ਤੋਂ ਵਿਹਲੇ ਹੋ ਕੇ ਸ੍ਰੀ ਗੁਰੂ ਜੀ ਭੀ ਝਬਾਲ ਆ ਗਏ। ਤੜਕੇ ੨੬ ਜੇਠ ਨੂੰ ਅਨੰਦ ਕਾਰਜ ਹੋਇਆ ਅਤੇ ਓਸੇ ਵੇਲੇ ਸਤਿਗੁਰ ਜੀ ਮਾਲਵੇ ਨੂੰ ਚਲੇ ਗਏ, ਕਿਉਂ ਜੋ ਸ਼ਾਹੀ ਫੌਜ ਦੇ ਆ ਜਾਣ ਦਾ ਖਿਆਲ ਸੀ।

ਸ਼ਾਹੀ ਨਜ਼ਰਾਂ ਵਿਚ ਉਸ ਸਮੇਂ ਸ੍ਰੀ ਗੁਰੂ ਜੀ ਬਾਗ਼ੀ ਸਨ ਅਤੇ ਆਪ ਦੀ ਮੱਦਦ ਕਰਨ ਵਾਲਾ ਚੌਧਰੀ ਲੰਗਾਹ ਭੀ ਬਾਗ਼ੀ ਸੀ। ਚੌਧਰੀ ਲੰਗਾਹ ਨੇ ਇਹ ਕੰਮ ਕਰਨ ਤੋਂ ਪਹਿਲਾਂ ਸੌ ਵਾਰ ਸੋਚ ਲਿਆ ਹੋਵੇਗਾ ਕਿ ਇਸ ਦਾ ਸਿੱਟਾ ਕੀ ਨਿਕਲੇਗਾ। ਉਹ ਵੇਖਦਾ ਸੀ ਕਿ ਇਕ ਪਾਸੇ ਸ੍ਰੀ ਗੁਰੂ ਜੀ ਹਨ, ਇਕ ਪਾਸੇ ਵੱਲ ਮੇਰੀ ਪੀੜ੍ਹੀਓਂ ਪੀੜ੍ਹੀ ਦੀ ਲੱਖਾਂ ਰੁਪਏ ਦੀ ਜਾਇਦਾਦ, ਕਿਲ੍ਹੇ ਮਹਿਲ-ਮਾੜੀਆਂ ਤਿੰਨ ਲੱਖ ਸਾਲ ਦਾ ਅਜਾਰਾ, ਮਾਝੇ ਦੀ ਤਿਹਾਈ ਚੌਧਰ ਅਤੇ ਸਰਕਾਰੇ-ਦਰਬਾਰੇ ਇੱਜ਼ਤ, ਜੋ ਸੱਭੇ ਕੁਝ ਖੁੱਸ ਜਾਊ ਅਤੇ ਮੈਂ ਤੇ ਮੇਰਾ ਬਾਲ ਬੱਚਾ ਕੋਹਲੂ ਪੀੜੇ ਜਾਵਾਂਗੇ। ਇਹ ਸਭ ਕੁਝ ਚੌਧਰੀ ਲੰਗਾਹ ਨੇ ਸੋਚਿਆ ਹੋਊ ਅਤੇ ਉਹ ਸਮਝਦਾ ਹੋਊ ਕਿ ਮਗਰੇ-ਮਗਰ ਸ਼ਾਹੀ ਸੈਨਾ ਆਵੇਗੀ ਅਤੇ ਮੈਨੂੰ ਫੜ ਲੈ ਜਾਵੇਗੀ।

ਚੌਧਰੀ ਲੰਗਾਹ ਮਿਲਵਰਤਨੀਆ ਸੀ। ਇਕ ਪਾਸੇ ਦੁਨੀਆਂ ਦਾ ਐਸ਼੍ਵਰਜ ਸੀ, ਦੂਜੇ ਪਾਸੇ ਗੁਰੂ ਜੀ। ਉਸ ਨੇ ਗੁਰੂ ਜੀ ਖ਼ਾਤਰ ਸਭ ਕੁਝ ਕੁਰਬਾਨ ਕਰਨਾ ਚਾਹਿਆ ਅਤੇ ਗੁਰੂ ਜੀ ਨੂੰ ਆਪਣੇ ਮਹਿਲਾਂ ਵਿਚ ਉਤਾਰਾ ਦੇ ਕੇ ਬੀਬੀ ਵੀਰੋ

ਜੀ ਦਾ ਅਨੰਦ ਕਾਰਜ ਕਰਵਾ ਦਿੱਤਾ। ਤੁਰਕਾਨੀ ਸੈਨਾ ਦਾ ਇਕ ਦਸਤਾ ਨੂਰਦੀਂ ਵੱਲੋਂ ਆਇਆ ਅਤੇ ਦੂਜਾ ਸਰਾਏ ਅਮਾਨਤ ਖਾਂ ਵੱਲੋਂ। ਚੌਧਰੀ ਲੰਗਾਹ ਨੇ ਦੋਹਾਂ ਨੂੰ ਵਾਰੋ-ਵਾਰੀ ਭਾਂਜ ਦਿੱਤੀ ਅਤੇ ਕਿਲ੍ਹੇ ਵਿਚ ਤਕੜਾ ਹੋ ਬੈਠਾ।

ਪਰ ਸੁਖ ਰਹੀ ਕਿ ਝਬਾਲ ਉਦਾਲੇ ਜੰਗਲ ਹੀ ਜੰਗਲ ਸੀ ਅਤੇ ਇਸ ਤੱਪੇ ਵਿਚ ਲੰਘਦੀ ਸ਼ਾਹੀ ਸੜਕ ਦੀ ਰਾਖੀ ਚੌਧਰੀ ਲੰਗਾਹ ਤੋਂ ਬਿਨਾਂ ਕੋਈ ਨਹੀਂ ਕਰ ਸਕਦਾ ਸੀ। ਹਾਕਮਾਂ ਨੇ ਚੌਧਰੀ ਲੰਗਾਹ ਦੀ ਹਰ ਇਕ ਗੱਲ ਨੂੰ ਅਣਡਿੱਠ ਕੀਤਾ ਅਤੇ ਕੁਝ ਭੀ ਪੁੱਛ-ਗਿੱਛ ਨਾ ਕੀਤੀ ਪਰ ਚੌਧਰੀ ਲੰਗਾਹ ਨੇ ਇਹ ਸਿੱਧ ਕਰ ਦਿੱਤਾ ਕਿ ਜੇਕਰ ਧਰਮ ਦੀ ਆਨ ਨੂੰ ਸੰਕਟ ਆ ਬਣੇ, ਤਾਂ ਮੇਰੇ ਵਰਗਾ ਮਿਲਵਰਤਨੀਆ ਵੀ ਧਰਮ ਖ਼ਾਤਰ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਹੋ ਸਕਦਾ ਹੈ।

ਸ੍ਰੀ ਗੁਰੂ ਹਰਿਰਾਇ ਜੀ ਦਾ ਸਮਾਂ ਸੀ ਅਤੇ ਝਬਾਲ ਦਾ ਚੌਧਰੀ ਸਕੰਦਰ ਸੀ, ਜਦ ਦਾਰਾ ਸ਼ਿਕੋਹ ਭਾਂਜ ਖਾ ਕੇ ਪੰਜਾਬ ਵੱਲ ਆਇਆ। ਦਾਰਾ ਸ਼ਿਕੋਹ ਨੇ ਸ੍ਰੀ ਗੁਰੂ ਜੀ ਪਾਸੋਂ ਸਹਾਇਤਾ ਮੰਗੀ ਅਤੇ ਸ੍ਰੀ ਗੁਰੂ ਜੀ ਆਪਣੇ ੨੨ ਸੌ ਸਵਾਰ ਲੈ ਕੇ ਸ਼ਾਹਜ਼ਾਦੇ ਪਾਸ ਲਾਹੌਰ ਆ ਗਏ ਅਤੇ ਆਪਣੇ ਸਿੱਖ ਚੌਧਰੀ ਸਕੰਦਰ ਨੂੰ ਹੁਕਮ ਦਿੱਤਾ ਕਿ ਬਿਆਸਾ ਘਾਟ ਤੀਕ ਓਹ ਪ੍ਰਬੰਧ ਰੱਖੇ। ਚੌਧਰੀ ਸਕੰਦਰ ਆਪਣੀ ਫੌਜ ਲੈ ਕੇ ਗੋਇੰਦਵਾਲ ਦੇ ਪੱਤਣ ਪਾਸ ਜਾ ਬੈਠਾ ਅਤੇ ਔਰੰਗਜ਼ੇਬੀ ਫੌਜਾਂ ਦੀ ਉਡੀਕ ਹੋਣ ਲੱਗੀ।

ਦਾਰਾ ਸ਼ਿਕੋਹ ਕੋਈ ਸੂਰਮਾ ਨਹੀਂ ਸੀ। ਜਦ ਉਸ ਨੇ ਔਰੰਗਜ਼ੇਬ ਦਾ ਸਤਲੁਜ ਲਾਗੇ ਆਉਣਾ ਸੁਣਿਆ ਤਾਂ ਘਾਬਰ ਗਿਆ ਅਤੇ ਆਪਣੇ ਹਮਾਇਤੀਆਂ ਨੂੰ ਲਾਹੌਰ ਹੀ ਛੱਡ ਕੇ ਮੁਲਤਾਨ ਨੂੰ ਨੱਸ ਗਿਆ। ਹੁਣ ਸ੍ਰੀ ਗੁਰੂ ਜੀ ਲਈ ਕੀਰਤਪੁਰ ਨੂੰ ਮੁੜਨਾ ਤਾਂ ਔਖਾ ਸੀ, ਕਿਉਂ ਜੋ ਸਾਰੇ ਰਾਹ ਵਿਚ ਔਰੰਗਜ਼ੇਬੀ ਫੌਜਾਂ ਪਈਆਂ ਸਨ, ਸੋ ਸ੍ਰੀ ਗੁਰੂ ਜੀ ਪਹਾੜ ਦੀ ਕੰਢੀ ਵੱਲ ਚਲੇ ਗਏ ਅਤੇ ਕਈ ਮਹੀਨੇ ਗਲੋਹਟੀ ਪਿੰਡ ਟਿਕੇ ਰਹੇ।

ਚੌਧਰੀ ਸਕੰਦਰ ਆਪਣੇ ਪਿਤਾ ਨਾਲੋਂ ਭੀ ਪ੍ਰਤਾਪਵਾਨ ਸੀ। ਇਸ ਨੇ ੨੧ ਪਿੰਡ ਹੋਰ ਖਰੀਦ ਕੇ ਆਪਣੀ ਮਾਲਕੀ ੧੦੫ ਪਿੰਡਾਂ ਦੀ ਕਰ ਲਈ ਸੀ। ਤਿੰਨ ਲੱਖ ਦਾ ਅਜ਼ਾਰਾ ਅਤੇ ਚੌਧਰ ਦਾ ਇਲਾਕਾ ਉਸੇ ਤਰ੍ਹਾਂ ਸੀ। ਸੋ, ਪੁੱਠੀ ਸਿੱਧੀ ਕਲਮ ਵਗਿਆਂ ਇਸ ਦਾ ਕੁਝ ਘੱਟ ਨੁਕਸਾਨ ਨਹੀਂ ਹੋ ਸਕਦਾ ਸੀ।

ਇਸ ਨੇ ਸਭ ਕੁਝ ਵਾਰਨਾ ਮਨਜ਼ੂਰ ਕੀਤਾ, ਪਰ ਸ੍ਰੀ ਗੁਰੂ ਜੀ ਦਾ ਸਾਥ ਨ ਛੱਡਿਆ। ਸਾਰਾ ਜਹਾਨ ਜਾਣਦਾ ਸੀ ਕਿ ਔਰੰਗਜ਼ੇਬ ਨੇ ਦਾਰੇ ਨੂੰ ਨਹੀਂ ਛੱਡਣਾ, ਪਰ ਇਕ ਸਿੱਖ ਲਈ ਐਸੇ ਲੇਖਿਆਂ ਦੀ ਲੋੜ ਨਹੀਂ ਸੀ। ਉਸ ਲਈ ਕੇਵਲ ਆਪਣੇ ਗੁਰੂ ਦੇ ਹੁਕਮ ਨੂੰ ਮੰਨਣ ਦੀ ਲੋੜ ਸੀ।

ਔਰੰਗਜ਼ੇਬ ਰਵਾਂ-ਰਵੀਂ ਬਿਆਸਾ ਲੰਘ ਆਇਆ ਅਤੇ ਝਬਾਲ ਫੌਜਾਂ ਦੇ ਡੇਰੇ ਆਣ ਲੱਗੇ। ਝਬਾਲ ਉਜਾੜ ਪਿਆ ਸੀ। ਔਰੰਗਜ਼ੇਬੀ ਕਹਿਰ ਤੋਂ ਡਰਦਾ ਕੋਈ ਬੰਦਾ ਝਬਾਲ ਵਿਚ ਨਹੀਂ ਰਹਿ ਗਿਆ ਸੀ। ਸੁੱਖ ਇਹ ਹੋਈ ਕਿ ਔਰੰਗਜ਼ੇਬ ਮੁਲਤਾਨ ਨੂੰ ਚਲਿਆ ਗਿਆ ਅਤੇ ਆਉਂਦੇ ਕੁਝ ਸਾਲਾਂ ਤੀਕ ਉਹ ਰਾਜ ਦੇ ਝਮੇਲਿਆਂ ਵਿਚ ਐਸਾ ਰੁੱਝਾ ਰਿਹਾ ਕਿ ਝਬਾਲੀਆ ਦਾ ਉਸ ਨੂੰ ਕੁਝ ਭੀ ਖਿਆਲ ਨਾ ਰਿਹਾ, ਪਰ ਸ੍ਰੀ ਗੁਰੂ ਹਰਿਰਾਇ ਜੀ ਪਾਸੋਂ ਉਸ ਨੇ ਸਫਾਈ ਜ਼ਰੂਰ ਮੰਗੀ ਅਤੇ ਇਸੇ ਕੰਮ ਲਈ ਰਾਮਰਾਇ ਜੀ ਦਿੱਲੀ ਨੂੰ ਗਏ।

ਝਬਾਲੀਏ ਚੌਧਰੀ ਸ਼ੁਰੂ ਤੋਂ ਲੈ ਕੇ ਅਖੀਰ ਤੀਕ ਮਿਲਵਰਤਨੀਏ ਰਹੇ ਪਰ ਜਦ ਕੌਮੀ ਮੁਸੀਬਤ ਦਾ ਸਮਾਂ ਆਇਆ, ਇਨ੍ਹਾਂ ਨੇ ਹਕੂਮਤ ਨਾਲੋਂ ਕੌਮ ਦੀ ਵਧੀਕ ਸੇਵਾ ਕੀਤੀ ਅਤੇ ਆਪਣਾ ਸਰਵੰਸ ਵਾਰਨ ਤੀਕ ਗਏ। ਸ੍ਰੀ ਦਸਮੇਸ਼ ਜੀ ਅਨੰਦਪੁਰ ਨੂੰ ਛੱਡ ਕੇ ਮਾਲਵੇ ਨੂੰ ਆਏ ਅਤੇ ਖ਼ਬਰਾਂ ਉੱਡੀਆਂ ਕਿ ਸ਼ਾਹੀ ਸੈਨਾ ਆਪ ਦੇ ਮਗਰ ਆ ਰਹੀ ਹੈ। ਮਾਈ ਭਾਗੋ ਨੇ ਪੱਲੂ ਫੇਰਿਆ ਅਤੇ ਚਾਲੀ ਮੁਕਤਿਆਂ ਨੂੰ ਨਾਲ ਲੈ ਕੇ ਆਪ ਨੇ ਖਿਦਰਾਣੇ ਦਾ ਜੰਗ ਕੀਤਾ। ਸਾਰਾ ਜਹਾਨ ਜਾਣਦਾ ਸੀ ਕਿ ਮਾਈ ਭਾਗੋ ਦਾ ਇਸ ਤਰ੍ਹਾਂ ਪੱਲੂ ਫ਼ੇਰਨਾ ਜਬਾਲੀਆ ਨੂੰ ਤਬਾਹ ਕਰ ਦੇਵੇਗਾ, ਪਰ ਝਬਾਲੀਏ ਧਰਮ ਦੇ ਕੰਮ ਵਿਚ ਤਬਾਹ ਹੋਣਾ ਚੰਗਾ ਸਮਝਦੇ ਸਨ। ਉਨ੍ਹਾਂ ਨੇ ਮੁਕਤੇ ਦਿੱਤੇ, ਮਾਈ ਭਾਗੋ ਦਿੱਤੀ ਅਤੇ ਖਿਦਰਾਣੇ ਦੀ ਲੜਾਈ ਮਗਰੋਂ ਟੁੱਟੀ ਗੰਢਵਾਈ। ਕੀ ਜੇ ਇਸ ਖ਼ਾਤਰ ਝਬਾਲੀਏ ਤਬਾਹ ਹੋ ਜਾਂਦੇ ਤਾਂ ਉਨ੍ਹਾਂ ਦਾ ਤਬਾਹ ਹੋ ਜਾਣਾ ਕੋਈ ਔਗੁਣ ਸੀ? ਚੌਧਰੀ ਬਿਹਾਰੀ ਇਸ ਗੱਲ ਨੂੰ ਜਾਣਦਾ ਸੀ, ਪਰ ਜਿੱਥੇ ਧਰਮ ਦਾ ਮਾਮਲਾ ਹੋਵੇ, ਉੱਤੇ ਸਿੱਖ ਲਈ ਚੁੱਪ ਰਹਿਣਾ ਔਖੀ ਗੱਲ ਹੈ।

ਸ. ਜੱਸਾ ਸਿੰਘ ਰਾਮਗੜ੍ਹੀਆ ਪੱਕਾ ਨਾ-ਮਿਲਵਰਤਨੀਆ ਸੀ। ਖ਼ਾਲਸੇ ਨੇ ਕਿਸੇ ਗੱਲੋਂ ਉਸ ਨੂੰ ਛੇਕ ਦਿੱਤਾ ਅਤੇ ਉਹ ਖਾਲਸੇ ਨਾਲੋਂ ਗੁੱਸੇ ਹੋ ਕੇ ਅਦੀਨਾ ਬੇਗ ਪਾਸ ਜਾ ਰਿਹਾ। ਉਸ ਦੇ ਨਾਲ ਹੀ ਉਸ ਦੇ ਦੋ ਕੁ ਸੌ ਸਿੰਘ

ਸਨ। ਮੀਰ ਮਨੂੰ ਨਵਾਂ-ਨਵਾਂ ਆਇਆ ਸੀ ਅਤੇ ਰਾਮ ਰੌਣੀ ਨੂੰ ਸ਼ਾਹੀ ਫੌਜਾਂ ਨੇ ਘੇਰਿਆ ਹੋਇਆ ਸੀ। ਕਈ ਮਹੀਨੇ ਲੜਾਈ ਹੁੰਦੀ ਰਹੀ ਅਤੇ ਸਿੰਘਾਂ ਦਾ ਖਾਣਾ-ਦਾਣਾ ਮੁੱਕ ਗਿਆ। ਸ਼ਾਹੀ ਸੈਨਾ ਅਦੀਨਾ ਬੇਗ ਦੇ ਤਾਬਿਆ ਸੀ, ਜਿਸ ਨਾਲ ਜੱਸਾ ਸਿੰਘ ਰਾਮਗੜ੍ਹੀਆ ਵੀ ਸੀ। ਇਸ ਵੇਲੇ ਜੱਸਾ ਸਿੰਘ ਪੱਕਾ ਮਿਲਵਰਤਨੀਆ ਸੀ ਉਹ ਹਕੂਮਤ ਵੱਲੋਂ ਹੋ ਕੇ ਆਪਣੇ ਭਰਾਵਾਂ ਨਾਲ ਲੜ ਰਿਹਾ ਸੀ।

ਜਦ ਗੜ੍ਹੀ ਅੰਦਰਲੇ ਖ਼ਾਲਸੇ ਰਸਦ-ਪਾਣੀ ਦੀ ਥੁੜ੍ਹ ਦੇ ਕਾਰਨ ਤੰਗ ਆ ਗਏ ਤਾਂ ਸਭ ਨੇ ਸ਼ਹੀਦ ਹੋ ਜਾਣ ਦਾ ਗੁਰਮਤਾ ਸੋਧਿਆ ਸੀ। ਸ੍ਰੀ ਅੰਮ੍ਰਿਤਸਰ ਜੀ ਦੀ ਜੂਹ ਵਿਚ ਪੰਥ ਤੇ ਧਰਮ ਦੀ ਖ਼ਾਤਰ ਸ਼ਹੀਦ ਹੋ ਜਾਣਾ ਖ਼ਾਲਸੇ ਲਈ ਵੱਡੇ ਭਾਗਾਂ ਦੀ ਗੱਲ ਸੀ। ਜਦ ਇਹ ਖ਼ਬਰ ਸ. ਜੱਸਾ ਸਿੰਘ ਨੇ ਸੁਣੀ ਤਾਂ ਉਸ ਦਾ ਮਨ ਪੰਘਰ ਪਿਆ। ਉਸ ਨੇ ਸੋਚਿਆ, ਪੰਥ ਸ਼ਹੀਦ ਹੁੰਦਾ ਹੈ ਤੇ ਮੈਂ ਛੁੱਟੜ ਬੈਠਾ, ਇਸ ਸਮੇਂ ਨੂੰ ਅਜਾਈਂ ਗਵਾਉਣ ਲੱਗਾ ਹਾਂ। ਉਸ ਨੇ ਤੀਰ ਨਾਲ ਬੰਨ੍ਹ ਕੇ ਚਿੱਠੀ ਗੜ੍ਹੀ ਅੰਦਰ ਘੱਲੀ ਕਿ ਪੰਥ ਮੈਨੂੰ ਬਖ਼ਸ਼ ਦੇਵੇ ਅਤੇ ਸ਼ਹੀਦ ਹੋਣ ਸਮੇਂ ਮੈਨੂੰ ਵੀ ਆਪਣੇ ਨਾਲ ਰਲਾ ਲਵੇ।

ਸਿੰਘ ਇਕੱਲ-ਖੋਰੇ ਨਹੀਂ ਸਨ, ਕਿ ਇਕੱਲੇ ਹੀ ਗੁਰੂ ਦੇ ਦਰਬਾਰ ਵਿਚ ਜਾਂਦੇ ਅਤੇ ਸ. ਜੱਸਾ ਸਿੰਘ ਨੂੰ ਪਿੱਛੇ ਛੱਡ ਜਾਂਦੇ। ਉਨ੍ਹਾਂ ਨੇ ਸ. ਜੱਸਾ ਸਿੰਘ ਨੂੰ ਬਖ਼ਸ਼ ਦਿੱਤਾ ਅਤੇ ਸ. ਜੱਸਾ ਸਿੰਘ ਆਪਣੇ ਆਦਮੀ ਲੈ ਕੇ ਸਿੰਘਾਂ ਨਾਲ ਆ ਮਿਲਿਆ। ਸੰਜੋਗ ਐਸਾ ਹੋਇਆ ਕਿ ਉਦੋਂ ਹੀ ਅਹਿਮਦ ਸ਼ਾਹ ਅਬਦਾਲੀ ਦੇ ਅਟਕੋਂ ਉਤਰ ਪੈਣ ਦੀਆਂ ਖ਼ਬਰਾਂ ਆ ਗਈਆਂ, ਜਿਸ ਕਰਕੇ ਸਾਰੀ ਸ਼ਾਹੀ ਸੈਨਾ ਲਾਹੌਰ ਨੂੰ ਚਲੀ ਗਈ।

ਸ. ਜੱਸਾ ਸਿੰਘ ਕਈ ਮਹੀਨਿਆਂ ਤੋਂ ਸਿੰਘਾਂ ਨਾਲ ਲੜ ਰਿਹਾ ਸੀ ਅਤੇ ਉਹ ਸਿੰਘਾਂ ਨਾਲ ਗੁੱਸੇ ਵੀ ਸੀ ਕਿ ਉਨ੍ਹਾਂ ਨੇ ਇਸ ਨੂੰ ਛੇਕ ਦਿੱਤਾ ਸੀ ਪਰ ਜਦ ਧਰਮ ਤੇ ਕੌਮ ਦੀ ਆਨ ਦਾ ਸਵਾਲ ਆਇਆ ਤਾਂ ਉਸ ਨੇ ਵੈਰ ਨੂੰ ਭੁਲਾ ਦਿੱਤਾ, ਮਾਫੀ ਮੰਗੀ ਅਤੇ ਸਿੰਘਾਂ ਦੇ ਨਾਲ ਰਲ ਕੇ ਸ਼ਹੀਦ ਹੋਣ ਨੂੰ ਤਿਆਰ ਹੋ ਗਿਆ। ਇਹ ਸਿੱਖ-ਕਰਤੱਵ ਦਾ ਮੋਟਾ ਤੇ ਅਸਲੀ ਨਮੂਨਾ ਹੈ। ਜਦ-ਜਦ ਵੀ ਧਰਮ ਤੇ ਕੌਮ ਦੀ ਆਨ ਦਾ ਸਵਾਲ ਆਵੇਗਾ, ਜੋ ਵੀ ਗੁਰੂ ਕਾ ਸਿੱਖ ਹੋਵੇਗਾ, ਉਹ ਆਪਣੇ ਵੈਰ-ਵਿਰੋਧ ਮਿਟਾ ਕੇ ਤੇ ਮਾਫੀ ਮੰਗ ਕੇ ਪੰਥ ਦੇ ਨਾਲ ਰਲ

ਜਾਵੇਗਾ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਕਰ ਦੇਵੇਗਾ। ਕੌਮੀ ਆਨ ਦੇ ਸਵਾਲ ਸਮੇਂ ਮਿਲਵਰਤਨੀਏ ਤੇ ਨਾ-ਮਿਲਵਰਤਨੀਏ ਇਕ ਹੋ ਜਾਣਗੇ ਅਤੇ ਕੋਈ ਸਿੱਖ ਪਿੱਛੇ ਨਹੀਂ ਰਹੇਗਾ।

ਜੰਬਰਾਂ ਵਿਚ ਤੀਜੀ ਪਾਤਸ਼ਾਹੀ ਜੀ ਦੇ ਸਮੇਂ ਤੋਂ ਸਿੱਖੀ ਦੀ ਜਾਗ ਲੱਗੀ ਸੀ। ਉਸੇ ਘਰਾਣੇ ਦਾ ਚਮਕਦਾ ਹੀਰਾ, ਭਾਈ ਸੁਬੇਗ ਸਿੰਘ ਸੀ। ਇਹ ਅਰੰਭ ਤੋਂ ਹੀ ਮਿਲਵਰਤਨੀ ਅਤੇ ਸਰਕਾਰੀ ਅਜਾਰੇਦਾਰ ਸੀ। ਲਾਹੌਰ ਦਾ ਸੂਬਾ ਮੁਹੰਮਦ ਅਸਲਮ ਖਾਂ ਸੀ। ਜਦ ਬਾਬਾ ਬੰਦਾ ਸਿੰਘ ਬਹਾਦਰ ਦੱਖਣ ਵੱਲੋਂ ਆਇਆ ਅਤੇ ਪੰਜਾਬ ਵਿਚ ਰਾਮ-ਰੌਲਾ ਪੈ ਗਿਆ। ਅਸਲਮ ਖਾਂ ਨੇ ਸਿੰਘਾਂ ਨਾਲ ਦੋਸਤੀ ਪਾਉਣੀ ਚਾਹੀ ਤਾਂ ਜੁ ਇਸ ਤਰ੍ਹਾਂ ਹੀ ਇਹ ਸ਼ੋਰ-ਸ਼ਰਾਬਾ ਬੰਦ ਹੋ ਜਾਵੇ। ਇਹ ਕੰਮ ਉਸ ਨੇ ਭਾਈ ਸੁਬੇਗ ਸਿੰਘ ਜੀ ਦੇ ਸਪੁਰਦ ਕੀਤਾ। ਭਾਈ ਸੁਬੇਗ ਸਿੰਘ ਜੀ ਨੇ ਨਵਾਬੀ ਦਾ ਖਤਾਬ, ਕੁਝ ਕੁ ਨਜ਼ਰਾਨਾ ਅਤੇ ਕੁਝ ਕੁ ਪਿੰਡਾਂ ਦੀ ਜਾਗੀਰ ਸਿੰਘਾਂ ਨੂੰ ਲੈ ਦਿੱਤੀ ਅਤੇ ਆਪੋ ਵਿਚ ਸੁਲ੍ਹਾ-ਸਫਾਈ ਕਰਵਾ ਦਿੱਤੀ।

ਇਸ ਤੋਂ ਮਗਰੋਂ ਦਲੇਰ ਜੰਗ ਤੇ ਖਾਨ ਬਹਾਦਰ ਦੇ ਸਮੇਂ ਜਦ ਸਿੰਘਾਂ ਦੀ ਕਤਲਾਮ ਹੁੰਦੀ ਰਹੀ ਤਾਂ ਇਹ ਬਰਾਬਰ ਮਿਲਵਰਤਨੀਏ ਰਹੇ ਅਤੇ ਸਰਕਾਰੀ ਅਜਾਰੇ ਲੈਂਦੇ ਰਹੇ। ਖਾਨ ਬਹਾਦਰ ਦੇ ਅੰਤਲੇ ਸਮੇਂ, ਜਦ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰੀ ਗਈ ਤੇ ਖਾਨ ਬਹਾਦਰ ਦਾ ਪਿਸ਼ਾਬ ਬੰਦ ਹੋ ਗਿਆ ਤਾਂ ਉਸ ਸਮੇਂ ਵੀ ਭਾਈ ਸੁਬੇਗ ਸਿੰਘ ਜੀ ਹੀ ਸੂਬੇ ਵੱਲੋਂ ਪੰਥ ਪਾਸ ਗਏ ਅਤੇ ਜੁੱਤੀਆਂ ਦੀ ਸ਼ਕਲ ਵਿਚ ਮਾਫੀ ਦਾ ਪਰਵਾਨਾ ਲਿਆਏ।

ਖਾਨ ਬਹਾਦਰ ਤੋਂ ਮਗਰੋਂ ਜਦ ਸ਼ਾਹਨਿਵਾਜ਼ ਖਾਂ ਦਾ ਸਮਾਂ ਆਇਆ ਅਤੇ ਲਖਪਤ ਦੇ ਖਿਆਲ ਅਨੁਸਾਰ ਸਿੱਖ ਦੇ ਅਰਥ ਬਾਗ਼ੀ ਬਣ ਗਏ, ਤਾਂ ਭਾਈ ਸੁਬੇਗ ਸਿੰਘ ਤੇ ਆਪ ਦੇ ਸਪੁੱਤਰ ਭਾਈ ਸ਼ਾਹਬਾਜ਼ ਸਿੰਘ ਵੀ ਫੜ ਲਏ ਗਏ, ਐਵੇਂ ਇਕ ਝੂਠਾ ਬਹਾਨਾ ਬਣਾ ਕੇ ਕਿ ਇਨ੍ਹਾਂ ਨੇ ਹਜਰਤ ਜੀ ਦੀ ਸ਼ਾਨ ਵਿਚ ਬੁਰੇ ਸ਼ਬਦ ਵਰਤੇ ਹਨ। ਉਨ੍ਹੀਂ ਦਿਨੀਂ ਇਹ ਆਮ ਰਿਵਾਜ ਸੀ ਕਿ ਜਿਸ ਨੂੰ ਫੜਨਾ ਹੁੰਦਾ ਐਸਾ ਹੀ ਕੋਈ ਬਹਾਨਾ ਬਣਾ ਕੇ ਫੜ ਲੈਂਦੇ।

ਭਾਈ ਸੁਬੇਗ ਸਿੰਘ ਜੀ ਮਿਲਵਰਤਨੀਏ ਸਨ ਪਰ ਕੱਚੇ ਨਹੀਂ ਸਨ। ਆਪ ਦਾ ਉਸ ਸਮੇਂ ਇਹ ਆਖ ਦੇਣਾ ਹੀ ਕਾਫ਼ੀ ਸੀ ਕਿ ਮੈਂ ਸਿੰਘ ਨਹੀਂ ਹਾਂ।

ਇਤਨੇ ਨਾਲ ਹੀ ਆਪ ਦਾ ਛੁਟਕਾਰਾ ਹੋ ਸਕਦਾ ਸੀ। ਹਕੂਮਤ ਦੀ ਸੇਵਾ ਕਰਦੇ-ਕਰਦੇ ਆਪ ਬੁੱਢੇ ਹੋ ਚੱਲੇ ਸਨ ਅਤੇ ਦਰਬਾਰ ਵਿਚ ਆਪ ਦੇ ਕਈ ਮਿੱਤਰ ਸਨ ਜੋ ਆਪ ਨੂੰ ਆਪ ਦੇ ਰਤਾ ਕੁ ਜੀਭ ਹਿਲਾਣ ਨਾਲ ਬਚਾ ਸਕਦੇ ਸਨ ਪਰ ਆਪ ਨੇ ਐਸਾ ਨਾ ਕੀਤਾ ਅਤੇ ਸੱਚੇ ਸਿੰਘਾਂ ਵਾਂਙ ਸੀਸ ਦੇ ਦਿੱਤਾ।

ਮਾਰ ਬੁਰੀ ਬਲਾ ਹੈ। ਭਾਈ ਸ਼ਾਹਬਾਜ਼ ਸਿੰਘ ਅਜੇ ਉਮਰ ਦਾ ਕੱਚਾ ਸੀ। ਇਸ ਨੂੰ ਅੱਡ ਕਰ ਕੇ ਐਸਾ ਮਾਰਿਆ ਅਤੇ ਐਸੇ ਤਸੀਹੇ ਦਿੱਤੇ ਕਿ ਵਿਚਾਰਾ ਬਾਲਕ ਇਸ ਗੱਲ ਲਈ ਤਿਆਰ ਹੋ ਗਿਆ ਕਿ ਓਹ ਸਿੱਖੀ ਤੋਂ ਇਨਕਾਰੀ ਹੋ ਜਾਵੇ। ਜਦ ਪਿਤਾ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਸ ਨੂੰ ਬੜਾ ਰੰਜ ਹੋਇਆ। ਸੰਜੋਗ ਨਾਲ ਪਿਤਾ ਪੁੱਤਰ ਆਹਮੋ-ਸਾਹਮਣੇ ਹੋ ਗਏ। ਪਿਤਾ ਨੇ ਪੁੱਤਰ ਨੂੰ ਤਾੜਿਆ ਕਿ ਸਿੰਘ ਹੋ ਕੇ ਇਸ ਜਾਨ ਦੀ ਖ਼ਾਤਰ ਇਹ ਕਹਿੰਦਾ ਹੈਂ ਕਿ ਮੈਂ ਸਿੰਘ ਨਹੀਂ ਹਾਂ? ਬਾਲਕ ਦਾ ਖ਼ਾਲਸਾਈ ਕਰਤੱਵ ਫੇਰ ਜਾਗ ਪਿਆ, ਉਸ ਨੇ ਸਿੰਘ ਹੋਣ ਦਾ ਦਾਹਵਾ ਕੀਤਾ, ਚਰਖੜੀ ਚੜ੍ਹਾਇਆ ਗਿਆ ਅਤੇ ਸ਼ਹੀਦ ਕਰ ਦਿੱਤਾ ਗਿਆ:

ਹੇਠਾਂ ਧਰਤੀ ਉੱਤੇ ਅੰਬਰ।  
ਵਿਚ ਫਿਰੇ ਸੁਬੇਗ ਸਿੰਘ ਜੰਬਰ।

ਭਾਈ ਸੁਬੇਗ ਸਿੰਘ ਜੀ ਨੂੰ ਵੀ ਪੂਰੇ-ਪੂਰੇ ਤਸੀਹੇ ਦਿੱਤੇ ਗਏ ਪਰ ਆਪ ਨੇ ਸਿੰਘ ਹੋਣੋਂ ਨਾਂਹ ਨਾ ਕੀਤੀ। ਚਰਖੜੀ ਉੱਤੇ ਚੜ੍ਹਾਏ ਗਏ ਅਤੇ ਸ਼ਹੀਦ ਕੀਤੇ ਗਏ।

ਜੇਕਰ ਭਾਈ ਸੁਬੇਗ ਸਿੰਘ ਜੀ ਕੇਵਲ ਇਤਨਾ ਕਹਿ ਦੇਂਦੇ ਕਿ ਮੈਂ ਸਿੰਘ ਨਹੀਂ ਹਾਂ, ਉਹ ਤੇ ਆਪ ਦਾ ਪੁੱਤਰ ਨਿਰਸੰਦੇਹ ਬਚ ਜਾਂਦੇ ਪਰ ਆਪ ਨੇ ਐਸਾ ਨਾ ਕੀਤਾ ਅਤੇ ਪ੍ਰਾਣ ਦੇ ਦਿੱਤੇ।

ਚੇਤੇ ਰਹੇ, ਭਾਵੇਂ ਕੋਈ ਮਿਲਵਰਤਨੀਆ ਹੋਵੇ, ਭਾਵੇਂ ਨਾ-ਮਿਲਵਰਤਨੀਆ, ਇਹ ਭੇਦ ਕੇਵਲ ਇਕ ਖਾਸ ਹੱਦ ਤੀਕ ਹੈ। ਜਦ ਧਾਰਮਕ ਤੇ ਕੌਮੀ ਆਨ ਦਾ ਸਵਾਲ ਆਵੇ ਤਾਂ ਇਹ ਦੋਵੇਂ ਧਿਰਾਂ ਇਕ ਹਨ ਤੇ ਕੁਰਬਾਨੀ ਵਿਚ ਕੋਈ ਕਿਸੇ ਤੋਂ ਘੱਟ ਨਹੀਂ।

ਸਿੰਘਾਂ ਦੀ ਕਤਲਾਮ ਹੁੰਦੀ ਸੀ, ਪਰ ਭਾਈ ਸੁਬੇਗ ਸਿੰਘ ਜੀ ਹਕੂਮਤ ਦੇ

ਕਰਿੰਦੇ ਸਨ। ਕਿਸੇ ਜਥੇ ਨੇ ਆਪ ਨੂੰ ਛੇਕਿਆ ਨਹੀਂ ਸੀ। ਆਪ ਦੀ ਭੈਣ ਜੀ ਦਾ ਅਨੰਦ ਕਾਰਜ ਗਰਮੂਲੇ ਦੇ ਇਕ ਸਿੰਘ ਨਾਲ ਹੋਇਆ ਸੀ। ਜੋ ਸੇਵਾ ਪੰਥ ਦੀ ਆਪ ਤੋਂ ਬਣਦੀ ਸੀ ਆਪ ਕਰੀ ਜਾਂਦੇ ਸਨ। ਜਦ ਆਪ ਸਿੰਘਾਂ ਪਾਸ ਆਏ ਸਿੰਘਾਂ ਨੇ ਆਪ ਦਾ ਸਤਿਕਾਰ ਕੀਤਾ ਅਤੇ ਨਿਯਮ ਅਨੁਸਾਰ ਦੀਵਾਨ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਇਕ ਘੜੀ ਖੜ੍ਹਾ ਕਰ ਕੇ ਤੇ ਤਨਖ਼ਾਹ ਲਾ ਕੇ ਦੀਵਾਨ ਵਿਚ ਦਾਖ਼ਲ ਕਰ ਲਿਆ। ਇਹ ਗੱਲ ਆਪ ਲਈ ਹੀ ਨਹੀਂ ਸੀ ਸਗੋਂ ਜੋ ਵੀ ਭੁਜੰਗੀ ਜਥੇ ਤੋਂ ਆਗਿਆ ਲੈ ਕੇ ਘਰ ਜਾਂਦਾ ਤੇ ਫਿਰ ਜਥੇ ਵਿਚ ਵਾਪਸ ਆਉਂਦਾ ਸੀ ਉਸ ਨੂੰ ਇਕ ਘੜੀ ਖੜ੍ਹਾ ਰੱਖ ਕੇ ਤੇ ਤਨਖ਼ਾਹ ਲਾ ਕੇ ਹੀ ਦੀਵਾਨ ਵਿਚ ਬੈਠਣ ਦੀ ਆਗਿਆ ਦਿੱਤੀ ਜਾਂਦੀ ਸੀ।

# ਦ੍ਰਿੜ੍ਹਤਾ

ਕਿਸੇ ਕੰਮ ਨੂੰ ਪੂਰਾ ਕਰਨ ਦਾ ਸੰਕਲਪ ਕਰਨਾ ਅਤੇ ਫੇਰ ਸੌ ਔਕੜਾਂ ਦੇ ਹੁੰਦਿਆਂ-ਸੁੰਦਿਆਂ ਵੀ ਉਸ ਨੂੰ ਪੂਰਾ ਕਰ ਕੇ ਛੱਡਣਾ, ਇਹ ਦ੍ਰਿੜ੍ਹਤਾ ਹੈ ਅਤੇ ਇਹ ਐਸਾ ਗੁਣ ਹੈ ਕਿ ਇਸ ਤੋਂ ਬਿਨਾਂ ਕੋਈ ਕੌਮ ਜ਼ੀਉਂਦੀ ਨਹੀਂ ਰਹਿ ਸਕਦੀ।

ਸਿੱਖ ਕੌਮ ਵਿਚ ਦ੍ਰਿੜ੍ਹਤਾ ਬਹੁਤ ਵਧ ਕੇ ਹੈ, ਇਸ ਲਈ ਕਿਹਾ ਜਾ ਸਕਦਾ ਹੈ ਕਿ ਜਿਸ ਕੰਮ ਨੂੰ ਸਿੱਖ ਹੱਥ ਪਾ ਬਹਿਣਗੇ, ਉਸ ਨੂੰ ਪੂਰਾ ਕਰ ਕੇ ਹੀ ਛੱਡਣਗੇ। ਸਿੰਘਾਂ ਨੇ ਕਿਹਾ ਸੀ ਕਿ ਅਸੀਂ ਮੁਗ਼ਲਾਂ ਦੀ ਸਫਾ ਵਲ੍ਹੇਟ ਦੇਣੀ ਹੈ। ਮੁਗ਼ਲਾਂ ਹੱਥੋਂ ਸਿੰਘਾਂ ਨੇ ਚਾਲੀ ਸਾਲ ਕਸ਼ਟ ਝੱਲੇ, ਪਰ ਅੰਤ ਨੂੰ ਮੁਗ਼ਲਾਂ ਦੀ ਸਫਾ ਵਲ੍ਹੇਟ ਹੀ ਦਿੱਤੀ। ਸਿੰਘਾਂ ਨੇ ਪ੍ਰਣ ਕੀਤਾ ਸੀ ਕਿ ਅਸਾਂ ਸਰਹਿੰਦ ਦੀ ਇੱਟ-ਇੱਟ ਕਰ ਦੇਣੀ ਹੈ। ੫੯ ਸਾਲ ਸਿੰਘ ਇਸੇ ਯਤਨ ਵਿਚ ਲੱਗੇ ਰਹੇ, ਅਤੇ ਅੰਤ ਸਰਹਿੰਦ ਨੂੰ ਉਜਾੜ ਕੇ ਹੀ ਹਟੇ।

ਸਰਹਿੰਦ ਨੂੰ ਉਜਾੜਨਾ ਕੋਈ ਸੌਖੀ ਜਿਹੀ ਗੱਲ ਨਹੀਂ ਸੀ। ਇਹ ਲਾਹੌਰ ਦੇ ਟਾਕਰੇ ਦਾ ਸ਼ਹਿਰ ਅਤੇ ਦਿੱਲੀ ਦੇ ਮਾਤਹਿਤ ਸੀ। ਸਰਹਿੰਦ ਦੀ ਸਿਰ-ਪੀੜ ਸੁਣ ਕੇ ਦਿੱਲੀ ਤੋਂ ਫ਼ੌਜਾਂ ਦਾ ਵਹੀਰ ਪੈ ਜਾਂਦਾ ਸੀ। ਕੌਣ ਸੂਰਮਾ ਸੀ ਜੋ ਸਰਹਿੰਦ ਵੱਲ ਗਹਿਰੀ ਅੱਖ ਕਰ ਕੇ ਵੇਖ ਸਕਦਾ?

ਮੁਗ਼ਲਾਂ ਦੀ ਹਕੂਮਤ ਜੋਬਨ ਉੱਤੇ ਸੀ ਅਤੇ ਸਿੰਘਾਂ ਨੇ ਇਹ ਧਾਰੀ ਕਿ ਅਸਾਂ ਸਰਹਿੰਦ ਦੀ ਇੱਟ-ਇੱਟ ਅੱਡ ਕਰਨੀ ਹੈ। ਸੁਣਨ ਵਾਲੇ ਆਖਦੇ ਸਨ ਕਿ ਇਹ ਬੌਰਿਆਂ ਦੀਆਂ ਗੱਲਾਂ ਹਨ। ਸਿੰਘਾਂ ਨੂੰ ਸਿਰ ਲੁਕਾਉਣ ਨੂੰ ਤਾਂ ਥਾਂ ਨਹੀਂ ਮਿਲਦੀ, ਸਰਹਿੰਦ ਦੇ ਕੋਟ ਲਾਗੇ ਤਾਂ ਇਹ ਫਟਕ ਵੀ ਨਹੀਂ ਸਕਦੇ, ਇਨ੍ਹਾਂ ਦੇ ਸਰਹਿੰਦ ਦਾ ਕੀ ਵਿਗਾੜ ਸਕਣਾ ਹੈ, ਇਹ ਆਪਣੀ ਹੀ ਸੁੱਖ ਮੰਗਣ।

ਪੰਜ ਸਾਲ ਸਿੱਖ ਸ਼ਾਂਤ ਰਹੇ। ਬਾਬਾ ਬੰਦਾ ਸਿੰਘ ਬਹਾਦਰ ਆਇਆ ਅਤੇ ਸਰਹਿੰਦ ਉੱਤੇ ਸਿੰਘਾਂ ਦਾ ਕਬਜ਼ਾ ਹੋ ਗਿਆ।

ਹੁਣ ਸਿੰਘਾਂ ਉੱਤੇ ਮੁਸੀਬਤ ਦੇ ਬੱਦਲ ਟੁੱਟ ਪਏ। ਤੀਹ-ਪੈਂਤੀ ਸਾਲ ਸਿੰਘਾਂ ਦੇ ਸਿਰ ਉੱਤੇ ਤਲਵਾਰ ਚਮਕਦੀ ਰਹੀ ਪਰ ਸਿੰਘ ਹੌਲੀ-ਹੌਲੀ ਵਧਦੇ ਹੀ ਗਏ ਅਤੇ ਤਕੜੇ ਹੁੰਦੇ ਗਏ। ਅੰਤ ਨੂੰ ਜਦ ਇਨ੍ਹਾਂ ਵਿਚ ਕੁਝ ਕੁ ਸ਼ਕਤੀ ਆਈ ਤਾਂ ਇਨ੍ਹਾਂ ਨੇ ਪਹਿਲਾ ਹੱਥ ਸਰਹਿੰਦ ਉੱਤੇ ਹੀ ਕਰਨਾ ਚਾਹਿਆ।

ਇਹ ਸੰਮਤ ੧੮੧੧ ਬਿ: ਦੀ ਗੱਲ ਹੈ ਜਦ ਕਿ ਲਾਹੌਰ ਗਿਰਦੇ ਮੀਰ ਮਨੂੰ ਸਿੰਘਾਂ ਦਾ ਸ਼ਿਕਾਰ ਖੇਡ ਰਿਹਾ ਸੀ। ਖ਼ਾਲਸਾ ਜੀ ਦਾ ਕੋਈ ਦਸ-ਬਾਰਾਂ ਹਜ਼ਾਰ ਦਾ ਸਮੂਹ ਸੀ ਕਿ ਏਕਾ-ਏਕ ਸਰਹਿੰਦ ਉੱਤੇ ਜਾ ਪਏ ਅਤੇ ਅੱਖ ਦੇ ਫੋਰ ਵਿਚ ਕੋਟ ਟੱਪ ਕੇ ਸ਼ਹਿਰ ਵਿਚ ਵੜ ਗਏ। ਸ਼ਾਹੀ ਸੈਨਾ ਦੇ ਸੁਚੇਤ ਹੁੰਦਿਆਂ-ਹੁੰਦਿਆਂ ਹੀ ਸ਼ਹਿਰ ਸੋਧ ਦਿੱਤਾ ਅਤੇ ਘੋੜਿਆਂ ਨੂੰ ਅੱਡੀਆਂ ਲਾ ਕੇ ਠੀਕਰੀ ਵਾਲੇ ਜਾ ਸਾਹ ਲਿਆ। ਸਰਹਿੰਦ ਉੱਤੇ ਸਿੰਘਾਂ ਦਾ ਇਹ ਪਹਿਲਾ ਹੱਲਾ ਸੀ।

ਤਿੰਨ ਸਾਲ ਮਗਰੋਂ ਸੰਮਤ ੧੮੧੪ ਦੇ ਅਖੀਰ ਵਿਚ ਜਦ ਮਰਹੱਟੇ ਪੰਜਾਬ ਵੱਲ ਆਏ ਤੇ ਸਰਹਿੰਦ ਨੂੰ ਸਰ ਕਰਨਾ ਚਾਹਿਆ ਤਾਂ ਅਦੀਨਾ ਬੇਗ ਦੀ ਸਲਾਹ ਨਾਲ ਇਹ ਕੰਮ ਸਿੰਘਾਂ ਦੇ ਸਪੁਰਦ ਕੀਤਾ ਗਿਆ, ਜਿਨ੍ਹਾਂ ਨੇ ਪਲੋ -ਪਲੀ ਵਿਚ ਸ਼ਹਿਰ ਲੈ ਲਿਆ ਅਤੇ ਤਿੰਨਾਂ ਦਿਨਾਂ ਵਿਚ ਹੀ ਪੂਰੀ ਤਰ੍ਹਾਂ ਸੋਧ ਦਿੱਤਾ।

ਹੁਣ ਮਰਹੱਟਿਆਂ ਦੀ ਹਕੂਮਤ ਹੋ ਗਈ, ਪਰ ਝਬਦੇ ਹੀ ਅਹਿਮਦ ਸ਼ਾਹ ਫੇਰ ਆ ਗਿਆ ਅਤੇ ਮਰਹੱਟਿਆਂ ਨੂੰ ਹਿੰਦੁਸਤਾਨ ਵਲ ਧੱਕ ਕੇ ਲੈ ਗਿਆ। ਇਸ ਵੇਲੇ ਸਰਹਿੰਦ ਇਕ ਤਰ੍ਹਾਂ ਸੁੰਞੀ ਹੀ ਪਈ ਸੀ। ਖ਼ਾਲਸਾ ਜੀ ਨੇ ਗੁਰਮਤਾ ਸੋਧ ਕੇ ਸਰਹਿੰਦ ਨੂੰ ਘੇਰ ਲਿਆ ਅਤੇ ਚੰਗੀ ਤਰ੍ਹਾਂ ਸੋਧ ਕੇ ਮਾਲਵੇ ਨੂੰ ਚਲੇ ਗਏ। ਇਹ ਗੱਲ ਸੰਮਤ ੧੮੧੬ ਬਿ: ਦੀ ਹੈ।

ਹੁਣ ਤਾਂ ਖ਼ਾਲਸਾ ਨਿਤ ਸਰਹਿੰਦ ਦੇ ਉਦਾਲੇ-ਉਦਾਲੇ ਫਿਰਦਾ। ਸਰਹਿੰਦ ਦੇ ਹਾਕਮ ਜ਼ੈਨ ਖਾਂ ਨੇ ਅਹਿਮਦ ਸ਼ਾਹ ਨੂੰ ਸੱਦ ਕੇ ਸੰਮਤ ੧੮੧੮ ਵਿਚ ਕਈ ਹਜ਼ਾਰ ਖ਼ਾਲਸੇ ਨੂੰ ਸ਼ਹੀਦ ਕਰਵਾ ਦਿੱਤਾ ਪਰ ਖ਼ਾਲਸੇ ਜੀ ਨੇ ਸਰਹੰਦ ਵੱਲੋਂ ਅੱਖ ਨਾ ਹੀ ਚੁੱਕੀ।

ਸੰਮਤ ੧੮੨੦ ਦੇ ਮਾਘ ਦਾ ਮਹੀਨਾ ਸੀ ਕਿ ਖ਼ਾਲਸਾ ਜੀ ਫੇਰ ਇਕੱਠ ਕਰ ਕੇ ਸਰਹਿੰਦ ਦੇ ਉਦਾਲੇ ਜਾ ਹੋਏ ਅਤੇ ਜੈਨ ਖਾਂ ਨੂੰ ਮਾਰ ਕੇ ਸਰਹਿੰਦ

ਉੱਤੇ ਕਬਜ਼ਾ ਕਰ ਲਿਆ।

ਗੁਰੂ-ਮਾਰੀ ਸਰਹਿੰਦ ਦੇ ਅੰਦਰ ਕਿਸੇ ਸਰਦਾਰ ਨੇ ਡੇਰਾ ਨਾ ਲਾਇਆ, ਸਾਰੇ ਖ਼ਾਲਸੇ ਦੇ ਡੇਰੇ ਸ਼ਹਿਰੋਂ ਬਾਹਰ ਸਨ। ਕੋਟ ਦੇ ਅੱਡ-ਅੱਡ ਹਿੱਸੇ ਵੰਡ ਲਏ ਅਤੇ ਹਰ ਇਕ ਮਿਸਲ ਆਪਣੇ-ਆਪਣੇ ਹਿੱਸੇ ਨੂੰ ਢਾਹੁਣ ਲੱਗੀ। ਸਾਰੇ ਕੋਟ ਦੀ ਇੱਟ-ਇੱਟ ਕਰ ਦਿੱਤੀ। ਸਭ ਹਵੇਲੀਆਂ ਢਾਹ ਦਿੱਤੀਆਂ, ਸਾਰਾ ਸ਼ਹਿਰ ਉਜਾੜ ਦਿੱਤਾ, ਲੱਖਾਂ ਦੀ ਵੱਸੋਂ ਵਾਲੇ ਸ਼ਹਿਰ ਵਿਚ ਇਕ ਬੰਦਾ ਵੀ ਨਾ ਰਹਿ ਗਿਆ। ਹੁਣ ਸਰਦਾਰਾਂ ਨੇ ਪਿੰਡਾਂ ਵਿੱਚੋਂ ਖੋਤੇ ਮੰਗਵਾ ਕੇ ਖੋਤਿਆਂ ਦੇ ਹਲ ਆਪ ਚਲਾਏ ਅਤੇ ਹੁਕਮ ਦੇ ਦਿੱਤਾ ਕਿ ਹਰ ਇਕ ਸਿੰਘ ਸਰਹਿੰਦ ਦੀਆਂ ਪੰਜ-ਪੰਜ ਇੱਟਾਂ ਦਰਿਆ ਵਿਚ ਪਾਇਆ ਕਰੇ।


ਐਸਾ ਸ਼ਹਿਰ ਜੋ ਕੁਝ ਦਿਨ ਪਹਿਲਾਂ ਦਿੱਲੀ ਤੇ ਲਾਹੌਰ ਦੇ ਟਾਕਰੇ ਦਾ ਸੀ, ਹੁਣ ਖੋਲ੍ਹੇ ਹੋ ਗਿਆ। ਇਸ ਤੋਂ ਦੋ ਸਾਲ ਮਗਰੋਂ ਜਦ ਅਹਿਮਦ ਸ਼ਾਹ ਇਸ ਸ਼ਹਿਰ ਵੜਿਆ ਤਾਂ ਹੈਰਾਨ ਸੀ ਕਿ ਸਾਰੇ ਸ਼ਹਿਰ ਵਿਚ ਇਕ ਵੀ ਬੰਦਾ ਨਜ਼ਰ ਨਹੀਂ ਆਉਂਦਾ ਸੀ। ਅੱਜ ਤੀਕ ਸਰਹਿੰਦ ਵੈਰਾਨ ਪਈ ਹੈ। ਇਹ ਇਸ ਗੱਲ ਦਾ ਨਮੂਨਾ ਹੈ ਕਿ ਸਿੰਘਾਂ ਵਿਚ ਕਿਤਨੀ ਕੁ ਦ੍ਰਿੜ੍ਹਤਾ ਹੈ।

ਸਿੰਘਾਂ ਨੂੰ ਸਰਹਿੰਦ ਦਾ ਲਾਲਚ ਨਹੀਂ ਸੀ। ਸਰਹਿੰਦ ਮਾਰ ਕੇ ਵੀ ਕਿਸੇ ਸਰਦਾਰ ਨੇ ਸਰਹਿੰਦ ਨੂੰ ਨਾ ਕਬੂਲਿਆ। ਕਬੂਲਣਾ ਤਾਂ ਕਿਤੇ ਰਿਹਾ, ਸਰਹਿੰਦ ਅੰਦਰ ਰਾਤ ਕੱਟਣੀ ਭੀ ਪਾਪ ਸਮਝਦੇ ਸਨ। ਅੰਤ ਨੂੰ ਸਾਰੇ ਪੰਥ ਨੇ ਗੁਰਮਤਾ ਕਰ ਕੇ ਇਹ ਸ਼ਹਿਰ ਭਾਈ ਬੁੱਢਾ ਸਿੰਘ (ਭਾਈ ਭਗਤੂ ਦੀ ਔਲਾਦ) ਨੂੰ ਅਰਦਾਸਾ ਕਰਾ ਦਿੱਤਾ।

ਲੋਕੀਂ ਆਖਦੇ ਸਨ ਕਿ ਸਿੰਘਾਂ ਦੀਆਂ ਬਾਵਰਿਆਂ ਵਾਲੀਆਂ ਗੱਲਾਂ ਹਨ ਪਰ ਸਿੰਘਾਂ ਨੇ ਐਸੀ ਦ੍ਰਿੜ੍ਹਤਾ ਫੜੀ ਕਿ ਹੌਲੀ-ਹੌਲੀ ਸਰਹਿੰਦ ਨੂੰ ਉਜਾੜ ਕੇ ਹੀ ਛੱਡਿਆ।

ਜਿਸ ਕੌਮ ਵਿਚ ਐਸੀ ਦ੍ਰਿੜ੍ਹਤਾ ਹੋਵੇ ਉਹ ਕੌਮ ਜੋ ਵੀ ਸੰਕਲਪ ਧਾਰੇਗੀ ਉਸ ਨੂੰ ਜ਼ਰੂਰ ਪੂਰਿਆਂ ਕਰ ਲਏਗੀ। ਐਸੀ ਕੌਮ ਦੇ ਕੰਮਾਂ ਵਿਚ ਸਤਿਗੁਰੂ ਜੀ ਆਪ ਬਰਕਤ ਪਾਇਆ ਕਰਦੇ ਹਨ।

☆☆☆☆


ਸਾਕਾ ਚਮਕੌਰ
ਸਚਿੱਤ੍ਰ ਸਾਖੀ
ਬਾਬਾ ਬੰਦਾ ਸਿੰਘ ਬਹਾਦਰ
ਜੰਗਾਂ
ਗੁਰੂ ਪਾਤਸ਼ਾਹਾਂ ਦੀਆਂ